
ISSN 0972-2335

# ਅੰਮ੍ਰਿਤ ਕੀਰਤਨ

## ਸਤੰਬਰ 2020



Courtesy by : amritsartemples.in

ਗੁਰੂ ਅਰਜਨ ਦੇਵ ਜੀ, ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਦੇ ਹੋਏ।

**ਆਨਰੇਰੀ ਸੰਪਾਦਕ**
**ਡਾ. ਜਾਗੀਰ ਸਿੰਘ**

ਮੁੱਲ 15/-



## ਪੋਹ

ਪੋਹ ਪੀਰਾਂ ਦਾ ਪੀਰ ਹੈ ਤੂੰ
ਤੇ ਤੱਕ ਫ਼ਕੀਰਾਂ ਵਾਲੀ ਏ।
ਸਭ ਸ਼ਕਲਾਂ ਵਿਚ ਨੂਰ ਹੈ ਤੇਰਾ
ਕੀ ਗੋਰੀ ਕੀ ਕਾਲੀ ਦੇ।
ਮੈਂ ਤਾਂ ਫਿਰਾਂ ਉਨ੍ਹਾਂ ਦੇ ਪਿੱਛੇ
ਬਿਰਹੋਂ ਅਗਨ ਦੀ ਜਾਲੀ ਏ।
ਹੱਡੀਆਂ ਸੜ ਸੜ ਹੋਈਆਂ ਢੇਰੀ
ਦੇਹੀ ਤਾਂਘ ਉਬਾਲੀ ਏ।
ਸਭ ਪਾਸੇ ਪਰਪੰਚ ਰਚਾਇਆ
ਕਿਸੇ ਥਾਂ ਤੋਂ ਨਹੀਂ ਖ਼ਾਲੀ ਏ।
ਦਰਸ਼ਨ ਪਾਕੇ ਗੱਦ ਗੱਦ ਹੋਈ
ਜੋ ਬਿਰਹਨ ਨਸੀਬਾਂ ਵਾਲੀ ਏ।
ਸੰਤੋਖ ਸਿੰਘ ਦਰ ਤੇਰੇ 'ਤੇ
ਹੱਥ ਬੰਨ੍ਹ ਖੜਾ ਸਵਾਲੀ ਏ।

## पोह

पोह पीरां दा पीर है तूं
ते तक्क फ़कीरां वाली ए।
सभ शकलां विच नूर है तेरा
की गोरी की काली दे।
मैं तां फिरां उन्हां दे पिच्छे
बिरहों अगन दी जाली ए।
हड्डियां सड़ सड़ होईआं ढेरी
देही तांघ उबाली ए।
सभ पासे परपंच रचायआ
किसे थां तों नहीं खाली ए।
दर्शन पाके गद्द गद्द होयी
जो बिरहन नसीबां वाली ए।
संतोख सिंह दर तेरे ते
हत्थ बन्न्ह खड़ा सवाली ए।

ਪੁਸਤਕ ਗੁੱਝੀਆਂ ਰਮਜ਼ਾਂ – ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ

# ਅੰਮ੍ਰਿਤ ਕੀਰਤਨ


**ਸੰਪਾਦਕ (ਆਨਰੇਰੀ)**

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ.ਡੀ.

ਸਹਿਯੋਗੀ

**ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ**


- **ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**
- **'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90, ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।**

### ਚੰਦੇ ਦਾ ਵੇਰਵਾ

- **ਇਕ ਕਾਪੀ: 15 ਰੁਪਏ**
- **ਦੇਸ਼ ਸਾਲਾਨਾ ਚੰਦਾ: 150 ਰੁਪਏ**
- **ਜੀਵਨ ਮੈਂਬਰ ਚੰਦਾ: 1500 ਰੁਪਏ**
- **ਵਿਦੇਸ਼: ਸਾਲਾਨਾ ਚੰਦਾ INR 1500**
- **'ਅੰਮ੍ਰਿਤ ਕੀਰਤਨ' ਲਈ ਡਰਾਫ਼ਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-**


**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**

422, ਸੈਕਟਰ 15-ਏ, ਚੰਡੀਗੜ੍ਹ-160015

ਫ਼ੋਨ: 0172-2772660, 098140 53630

e-mail: drjagirsingh@gmail.com

Website: http://www.amritkirtan.com



**ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼,** ਸ਼ੋਅਰੂਮ ਨੰ: 443, ਸੈਕਟਰ 70, ਮੁਹਾਲੀ (ਫ਼ੋਨ: 0172-2216283, 98150-72197) ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


| | |
|---|---|
| **ਪੋਹ – ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ** | **ਟਾ-2** |
| **ਮਿੱਤਰ ਅਸਾਡੜੇ ਸੇਈ** | **1** |
| **ਸੰਪਾਦਕੀ: ਕਰਉ ਬੇਨੰਤੀਆ: ਮੇਰਾ ਮਨ ਆਲਸੀਆ ਉਘਲਾਨਾ** | **3** |
| **ਗੁਰਮਤਿ ਸੰਗੀਤ ਵਿਚ ਰਾਗ ਕਾਨੜਾ – ਡਾ: ਗੁਰਨਾਮ ਸਿੰਘ** | **5** |
| **ਪ੍ਰਿੰਸੀਪਲ ਸਰਦਾਰ ਗੁਰਬਖ਼ਸ਼ ਸਿੰਘ ਸ਼ੇਰਗਿੱਲ ਦਾ ਦੇਹਾਂਤ – ਮਲਵਿੰਦਰ ਸਿੰਘ ਮੱਲੀ** | **7** |
| **ਸਿੱਖ ਗ੍ਰਹਿਸਤ ਜੀਵਨ ਅਤੇ ਗੁਰਮਤਿ ਸੰਗੀਤ – ਡਾ: ਜਾਗੀਰ ਸਿੰਘ** | **9** |
| **ਭਾਈ ਦਿਲਬਾਗ਼ ਸਿੰਘ ਗੁਲਬਾਗ਼ ਸਿੰਘ – ਸੁਭਾਸ਼ ਪਰਿਹਾਰ** | **16** |
| **ਸੁਰਲਿਪੀ ਰਾਗ ਵਡਹੰਸ ਸਾਰੰਗ – ਗੁਰਬਖ਼ਸ਼ ਸਿੰਘ** | **18** |
| **ਸੁਰਲਿਪੀ ਵਾਲਾ ਸ਼ਬਦ ਅਤੇ ਉਸ ਦੇ ਅੰਗ੍ਰੇਜ਼ੀ ਵਿਚ ਅਰਥ** | **20** |
| **ਡਾ: ਗੁਰਨਾਮ ਸਿੰਘ ਨੂੰ ਭਾਈ ਮਰਦਾਨਾ ਜੀ ਯਾਦਗਾਰੀ ਅਵਾਰਡ** | **ਟਾ-3** |


Donations to **AMRIT KIRTAN TRUST** are eligible for relief u/s 80 G of Income-Tax Act, 1961 (43 of 1961) vide CIT/- I/ CHD/ Tech./ 80-G/ 2008-939 dated 19-05-2008 valid up to 31/03/2012 and now valid in perpetuity. Cheques/Drafts should be sent in the name of **AMRIT KIRTAN TRUST** payable at Mohali . Donations can also be sent by money order at the address: **AMRIT KIRTAN TRUST** (Regd.), 422, Sector 15-A, Chandigarh-160015. The Donations can be made by Electronic Transfer also. The Bank details are: **AMRIT KIRTAN TRUST** Savings Bank A/C No.65079603302, IFSC: SBIN0018141 in the State Bank of India, Phase 3B2, Mohali Punjab Branch. After such a Deposit, please inform us your Name and Address as also the deposit details to enable us to send you the receipt.

## ✉ ਮਿਤ੍ਰ ਅਸਾਡੜੇ ਸੇਈ

ਬਹੁਤ ਪਿਆਰੇ ਤੇ ਸਤਿਕਾਰਯੋਗ ਡਾਕਟਰ ਸਾਹਿਬ, ਗੁਰ ਫ਼ਤਿਹ ਪ੍ਰਵਾਨ ਕਰਨਾ ਜੀ। ਅੱਗੇ ਨਿਵੇਦਨ ਇਸ ਪ੍ਰਕਾਰ ਹੈ।:

ਮੈਂ ਤੁਹਾਡਾ ਕੀਰਤਨ ਕਦੇ ਨਾ ਕਦੇ, ਉਦੋਂ ਤੋਂ ਸੁਣਦਾ ਰਿਹਾ ਹਾਂ ਜਦੋਂ ਤੋਂ ਬੋਰਡ ਵਿੱਚ ਨੌਕਰੀ ਦੇ ਸਬੱਬ ਤੁਹਾਡੇ ਨਾਲ ਮੇਰਾ ਨਿਕਟ ਸੰਬੰਧ ਬਣਿਆ। ਸੰਗੀਤ ਦੇ ਖੇਤਰ ਦਾ ਮੈਨੂੰ ਮੁਢਲਾ ਗਿਆਨ ਵੀ ਨਹੀਂ ਹੈ , ਫਿਰ ਵੀ ਮੈਂ ਇਸ ਦਾ ਆਨੰਦ ਮਾਣ ਲੈਂਦਾ ਹੈ।ਜਦੋਂ ਤੋਂ ਕਰੋਨਾ ਵਾਇਰਸ ਕਾਰਨ ਅਸੀਂ ਕੁਝ ਪਾਬੰਦੀਆਂ ਦੇ ਤਹਿਤ ਘਰਾਂ ਵਿੱਚ ਬੈਠੇ ਹਾਂ, ਖ਼ੌਫ਼ਜ਼ਦਾ ਵੀ ਹੋਏ ਹਾਂ, ਤੇ ਇਸ ਵਰਤਾਰੇ ਕਾਰਨ ਸਾਡੀ ਮਾਨਸਿਕਤਾ ਵੀ ਪ੍ਰਭਾਵਿਤ ਹੋਈ ਹੈ। ਵਿਆਕੁਲਤਾ ਵਧਣੀ ਸੁਭਾਵਿਕ ਸੀ। ਮੈਂ ਦਰੇਗੇ ਹੋਏ ਮਨ ਨਾਲ ਜਦੋਂ ਤੁਹਾਡਾ ਭੇਜਿਆ ਗੁਰਬਾਣੀ ਕੀਰਤਨ ਦਾ ਪ੍ਰਸ਼ਾਦ ਸ੍ਰਵਣ ਕਰਦਾ ਰਿਹਾ ਹਾਂ ਤਾਂ ਇਹ ਪਹਿਲਾਂ ਦੇ ਮੁਕਾਬਲੇ ਹਿਰਦੇ ਨੂੰ ਵਧੇਰੇ ਛੂੰਹਦਾ ਰਿਹਾ ਹੈ। ਸੰਭਵ ਹੈ ਕਿ ਤੁਸੀਂ ਵੀ ਜ਼ਿਆਦਾ ਦ੍ਰਵੇ ਹੋਏ ਹੋਵੋਂ। ਗੁਰਬਾਣੀ ਦਾ ਇੱਕ-ਇੱਕ ਸ਼ਬਦ ਡੂੰਘੇਰੇ ਭਾਵਾਂ ਵਾਲਾ ਪਰਤੀਤ ਹੋਇਆ।

ਤੁਹਾਡੇ ਕੀਰਤਨ ਦੀ ਇੱਕ ਖ਼ਾਸ ਤੇ ਵਿਰਲੀ ਸਿਫ਼ਤ ਜੋ ਹੁਣ ਤੀਬਰਤਾ ਨਾਲ ਮਹਿਸੂਸ ਕੀਤੀ ਉਹ ਇਹ ਹੈ ਕਿ ਤੁਸੀਂ ਹਰ ਸ਼ਬਦ ਤੇ ਧੁਨੀ ਨੂੰ ਬਹੁਤ ਸਪਸ਼ਟ ਤੇ ਵਧੇਰੇ ਨਿਖਰਵੇਂ ਰੂਪ ਵਿੱਚ ਉਚਾਰਦੇ ਹੋ। ਤੁਹਾਡੀ ਆਵਾਜ਼ ਅਤਿਅੰਤ ਰਸੀਲੀ ਤੇ ਮੰਝੀ ਹੋਈ ਤਾਂ ਹੈ ਹੀ, ਉਮਰ ਭਰ ਦਾ ਅਭਿਆਸ ਜੁ ਹੈ ਤੁਹਾਡਾ। ਤੁਸੀਂ ਗੁਰਬਾਣੀ ਸੰਗੀਤ ਨਾਲ ਪੂਰੀ ਤਰ੍ਹਾਂ ਸਮਰਪਿਤ ਰਹੇ ਹੋ, ਹੁਣ ਵੀ ਹੋ। ਇਸ ਲਈ ਤੁਹਾਡਾ ਗੁਰਬਾਣੀ ਗਾਇਨ ਅਨੂਪਮ ਹੈ।
ਤੁਸੀਂ ਆਪਣੇ ਪਾਠਕਾਂ/ਸਰੋਤਿਆਂ ਤੋਂ ਜਾਣਨ ਦੇ ਇੱਛੁਕ ਹੋ ਕਿ ਉਹ 'ਸੰਗੀਤ' ਬਾਰੇ ਕੀ ਸਮਝਦੇ ਹਨ। ਮੈਂ ਆਪਣੇ ਤੌਰ ਤੇ ਦੱਸਾਂ ਕਿ ਜਿਵੇਂ ਹਵਾ, ਪਾਣੀ, ਧਰਤੀ ਦੀ ਹਰਿਆਵਲ ਤੇ ਰੌਣਕ, ਅਨੇਕ ਰੂਪਾਂ ਵਿੱਚ ਰਸ ਤੇ ਸੁਗੰਧੀਆਂ ਸਾਡੇ ਲਈ ਅਤਿਅੰਤ ਜ਼ਰੂਰੀ ਹਨ, ਅਸੀਂ ਚੇਤੰਨ ਹੋਈਏ ਭਾਵੇਂ ਨਾ, ਸੰਗੀਤ ਇਨ੍ਹਾਂ ਤੋਂ ਵਧੇਰੇ ਮਹੱਤਵ ਰੱਖਦਾ ਹੈ। ਇੱਕ ਪਾਸੇ ਇਹ ਸਾਡੀ ਧੜਕਣ ਨਾਲ ਸੰਬੰਧਿਤ ਹੈ ਦੂਜੇ ਪਾਸੇ ਸਾਡੀ ਸੁਰਤ ਨੂੰ ਵੀ ਉਚਿਆਉਂਦਾ ਹੈ।ਹੁਣ ਤਾਂ ਸਾਰੇ ਮੰਨਦੇ ਹਨ, ਸੰਗੀਤ ਮਨੁੱਖ ਨੂੰ ਸਰੀਰਿਕ ਤੇ ਮਾਨਸਿਕ ਤੰਦਰੁਸਤੀ ਵੀ ਬਖ਼ਸ਼ਦਾ ਹੈ। ਸਾਰੀ ਕਾਇਨਾਤ ਇਸੇ ਨਾਦ ਨਾਲ ਰਸ-ਗੁੱਧੀ ਹੋਈ ਹੈ। ਜਿਹੋ ਜਿਹੇ ਸਮਿਆਂ ਵਿੱਚੋਂ ਅਸੀਂ ਗੁਜ਼ਰ ਰਹੇ ਹਾਂ, ਸੰਗੀਤ ਵੱਡੀ ਢਾਰਸ ਬਣਦਾ ਹੈ। ਆਪ ਜੀ ਜਿਹੇ ਵੱਡੇ ਪੁਰਖ ਧੰਨ ਹਨ ਜਿਨ੍ਹਾਂ ਨੇ ਆਪਣਾ ਪੂਰਾ ਜੀਵਨ ਹੀ ਇਸ ਪਾਸੇ ਲਾ ਦਿੱਤਾ ਹੈ।

ਮੈਂ ਅਗਿਆਨੀ ਹਾਂ, ਕੁਝ ਅਰਥਵਾਨ ਗੱਲ ਕਹਿਣ ਤੋਂ ਅਸਮਰਥ ਹਾਂ। ਆਪ ਜੀ ਦੀ ਆਗਿਆ ਦਾ ਪਾਲਣ ਕਰਨ ਹਿਤ ਇਹ ਸ਼ਬਦ ਲਿਖੇ ਹਨ।

ਤੁਹਾਡਾ ਸ਼ੁਭ-ਚਿੰਤਕ

ਕਰਨੈਲ ਸਿੰਘ ਸੋਮਲ (ਮੋਬਾ: 8847647101)

# ਮੇਰਾ ਮਨੁ ਆਲਸੀਆ ਉਘਲਾਨਾ

ਪਿਛਲੇ ਦਿਨੀ ਇੱਕ ਮੈਸੇਜ਼ ਆਇਆ।ਇੱਕ ਸੱਜਣ ਜੀ ਨੇ ਸ਼ਬਦ- ਮੇਰਾ ਮਨੁ ਆਲਸੀਆ ਉਘਲਾਨਾ-ਸੁਣਨ ਦੀ ਫਰਮਾਇਸ਼ ਕੀਤੀ। ਨਾਲ ਹੀ ਉਹਨਾਂ ਨੇ ਕਿਹਾ ਕਿ ਉਹਨਾਂ ਮੈਨੂੰ ਵਿਸ਼ਾਖਾਪਟਮ ਵਿਖੇ ਵੇਖਿਆ ਸੀ।ਵਿਸ਼ਾਖਾਪਟਮ ਦਾ ਨਾਂ ਸੁਣਦਿਆਂ ਹੀ 47 ਸਾਲ ਪਹਿਲਾਂ ਦੀ ਯਾਦ ਤਾਜ਼ਾ ਹੋ ਗਈ। ਮੈਂ ਉਦੋਂ ਗੁਰਮਤਿ ਕਾਲਜ ਵਿੱਚ ਧਾਰਮਿਕ ਅਧਿਐਨ ਦੀ ਐਮ ਏ ਕਰ ਰਿਹਾ ਸੀ। ਤੇ ਦਸੰਬਰ 1973 ਵਿੱਚ ਗੁਰੂ ਗੋਬਿੰਦ ਸਿੰਘ ਜੀ ਪ੍ਰਕਾਸ਼ ਉਤਸਵ ਤੇ ਮੈਂ ਆਪਣੇ ਪਿਤਾ ਜੀ (ਭਾਈ ਉੱਤਮ ਸਿੰਘ ਪਤੰਗ) ਨਾਲ ਕੀਰਤਨ ਕਰਨ ਵਿਸ਼ਾਖਾਪਟਮ ਗਿਆ ਸਾਂ।ਦੋ ਤਿੰਨ ਦਿਨ ਰੇਲ ਦਾ ਸਫਰ ਵੀ ਯਾਦ ਹੈ। ਉਦੋਂ ਮੈਨੂੰ ਨਾਵਲ ਪੜ੍ਹਨ ਦਾ ਸ਼ੌਕ ਸੀ। ਰੇਲਵੇ ਸਟੇਸ਼ਨ ਦੇ ਬੁਕ ਸਟਾਲ ਤੋਂ ਨਾਵਲ ਖਰੀਦਦਾ ਤੇ ਕੁਝ ਘੰਟਿਆਂ ਵਿੱਚ ਉਸ ਨੂੰ ਪੜ੍ਹ ਕੇ ਅਗਲੇ ਕਿਸੇ ਸਟੇਸ਼ਨ ਤੇ ਅੱਧੇ ਮੁੱਲ ਵਿੱਚ ਵਾਪਸ ਕਰਕੇ ਨਵਾਂ ਨਾਵਲ ਖਰੀਦ ਲੈਂਦਾ। ਵਿਸ਼ਾਖਾਪਟਮ ਵਿੱਚ ਸਾਡੇ ਠਹਿਰਨ ਦਾ ਪ੍ਰਬੰਧ ਇੱਕ ਬਹੁਤ ਵਧੀਆ ਹੋਟਲ ਵਿੱਚ ਕੀਤਾ ਹੋਇਆ ਸੀ। ਕਿਸੇ ਵੱਡੇ ਹੋਟਲ ਵਿੱਚ ਪਹਿਲੀ ਵਾਰੀ ਠਹਿਰੇ ਸਾਂ। ਮੈਂ ਦੋ ਦਿਨ ਉਥੇ ਦੀ ਯੂਨੀਵਰਿਸਟੀ ਦੀ ਲਾਇਬ੍ਰੇਰੀ ਜਾਂਦਾ ਰਿਹਾ ਸਾਂ। ਉਥੇ ਬੜੇ ਪਿਆਰੇ ਸੱਜਣ ਸ੍ਰ ਭਗਵਾਨ ਸਿੰਘ ਜੀ ਸਨ ਉਹਨਾਂ ਦੀ ਬੇਟੀ ਯੂਨੀਵਰਸਟੀ ਵਿੱਚ ਪੜ੍ਹਦੀ ਸੀ। ਉਹ ਮੈਨੂੰ ਆਪਣੇ ਨਾਲ ਯੂਨੀਵਰਸਿਟੀ ਲੈ ਜਾਂਦੀ ਸੀ। ਉਦੋਂ ਮੈਂ 'ਗੁਰੂ ਨਾਨਕ ਬਾਣੀ ਵਿੱਚ ਮਾਇਆ ਦਾ ਸੰਕਲਪ' ਵਿਸ਼ੇ ਤੇ ਖੋਜ਼ ਕਰ ਰਿਹਾ ਸਾਂ।ਉਥੇ ਦੀ ਲਾਇਬ੍ਰੇਰੀ ਦੀਆਂ ਪੁਸਤਕਾਂ ਤੋਂ ਕਾਫੀ ਨੋਟਸ ਲਏ ਸਨ। ਮੇਰੀ ਇਹ ਪੁਸਤਕ ਬਾਅਦ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਪ੍ਰਕਾਸ਼ਿਤ ਕੀਤੀ ਸੀ।

ਸ਼ਬਦ ਦੀ ਫਰਮਾਇਸ਼ ਕਰਨ ਵਾਲੇ ਸੱਜਣ ਦਾ ਚਿਹਰਾ ਮੋਹਰਾ ਯਾਦ ਨਹੀਂ ਆਇਆ ਪਰ ਮੈਂ ਸ਼ਬਦ ਨੂੰ ਗਾਇਨ ਕਰਨ ਬਾਰੇ ਸੋਚਣ ਲੱਗ ਪਿਆ ਸਾ। ਇਹ ਸ਼ਬਦ ਗੁਰੂ ਰਾਮਦਾਸ ਜੀ ਦਾ ਜੈਤਸਰੀ ਰਾਗ ਅਧੀਨ ਉਚਾਰਿਆ ਹੋਇਆ ਹੈ। ਮੈਂ ਕੁਝ ਕੀਰਤਨੀਆਂ ਦੇ ਜੈਤਸਰੀ ਰਾਗ ਵਿੱਚ ਗਾਇਨ ਕੀਤੇ ਸ਼ਬਦ ਸੁਣੇ ਤੇ ਇਸ ਸ਼ਬਦ ਦੇ ਭਾਵ ਅਨੁਸਾਰ ਰੀਤ ਬਣਾਉਣ ਦੀ ਕੋਸ਼ਿਸ਼ ਕਰਨ ਲੱਗਾ। ਅੱਜਕਲ ਮੇਰੀ ਆਵਾਜ਼ ਹਰਮੋਨੀਅਮ ਦੇ ਪਹਿਲੇ ਕਾਲੇ ਸੁਰ ਤੋਂ ਗਾਇਨ ਕਰਨ ਦੇ ਸਮਰਥ ਨਹੀਂ ਹੈ। ਹੁਣ ਮੈਂ ਤੀਜੇ ਕਾਲੇ ਤੋਂ ਤਾਰ ਸਪਤਕ ਵੱਲ ਪੰਜ ਛੇ ਸੁਰਾਂ ਦੇ ਅੰਦਰ ਹੀ ਠੀਕ ਤਰ੍ਹਾਂ ਗਾ ਸਕਦਾ ਹਾਂ। ਇਸ ਲਈ ਰੀਤ ਵੀ ਇਸੇ ਅਨੁਸਾਰ ਹੀ ਤਿਆਰ ਕਰਦਾ ਹਾਂ।ਕਦੀ ਕਦੀ ਰੀਤ ਵਿੱਚੋਂ ਨਿਰਧਾਰਿਤ ਰਾਗ ਦੀ ਝਲਕ ਪੈ ਜਾਂਦੀ ਹੈ। ਹੋ ਸਕਦਾ ਹੈ ਇਹ ਰੀਤਾਂ ਰਾਗਾਂ ਅਨੁਸਾਰ ਪੂਰੇ ਮਿਆਰਾਂ ਤੇ ਨਾ ਖਰੀਆਂ ਹੋਣ, ਪਰ ------।

ਇਹ ਸ਼ਬਦ ਗਾਇਨ ਕੀਤਾ। ਮੈਨੂੰ ਸੁਣਨ ਨੂੰ ਕਾਫੀ ਚੰਗਾ ਲੱਗੇ ਤੇ ਮੈਂ ਇਸ ਨੂੰ ਯੂ ਟਿਊਬ ਤੇ ਅਪਲੋਡ ਵੀ ਕਰ ਦਿੱਤਾ। ਇਸ ਨੂੰ ਫਿਰ ਸੁਣਿਆ- ਮੇਰਾ ਮਨੁ ਆਲਸੀਆ ਉਘਲਾਨਾ।ਹਰਿ ਹਰਿ ਆਨਿ ਮਿਲਾਇਓ ਗੁਰੁ ਸਾਧੂ ਮਿਲਿ ਸਾਧੂ ਕਪਟ ਖੁਲਾਨਾ।। ਅਜੇ ਇਹ ਸ਼ਬਦ ਸੁਣ ਹੀ ਰਿਹਾ ਸਾਂ, ਕਿ ਮੇਰੇ ਇੱਕ ਮਿਹਰਬਾਨ ਮਿੱਤਰ ਸ੍ਰ ਜਗਦੀਪ ਸਿੰਘ ਸਿਗਮਾ ਵਾਲਿਆਂ ਨੇ ਵਾਟਸਐਪ ਤੇ ਇੱਕ ਪੋਸਟ ਭੇਜੀ। ਇਹਨਾਂ ਵਲੋਂ ਭੇਜਿਆ ਸੁਨੇਹਾ ਮੈਂ ਜ਼ਰੂਰ ਵੇਖਦਾ ਹਾਂ। ਹੁਣ ਇਹਨਾਂ ਨੇ ਮੁਨੀਰ ਨਿਆਜ਼ੀ ਦੀ ਸ਼ਾਇਰੀ ਭੇਜੀ ਸੀ। ਮੁਨੀਰ ਨਿਆਜ਼ੀ ਕਿਸੇ ਮੁਸ਼ਾਇਰੇ ਵਿੱਚ ਆਪਣੀ ਇੱਕ ਨਜ਼ਮ ਸੁਣਾ ਰਿਹਾ ਸੀ। ਉਸ ਦੇ ਸੁਣਾਉਣ ਦਾ ਅੰਦਾਜ਼ ਅਤੇ ਨਜ਼ਮ ਦੀ ਖੂਬਸੂਰਤੀ ਨੇ ਮੈਨੂੰ ਕੀਲ ਲਿਆ। ਮੁਸ਼ਾਇਰੇ ਵਿੱਚ ਸਰੋਤਿਆਂ ਦੇ ਚਿਹਰਿਆਂ ਤੇ ਵੈਰਾਗ ਝਲਕ ਰਿਹਾ ਸੀ। ਨਜ਼ਮ ਕੁਝ ਇਸ ਤਰ੍ਹਾਂ ਸੀ-

ਹਮੇਸ਼ਾ ਦੇਰ ਕਰ ਦੇਤਾ ਹੂੰ ਮੈਂ।
ਜ਼ਰੂਰੀ ਬਾਤ ਕਹਿਨੀ ਹੋ,
ਕੋਈ ਵਾਅਦਾ ਨਿਭਾਨਾ ਹੋ,

ਉਸੇ ਆਵਾਜ਼ ਦੇਨੀ ਹੋ,
ਉਸੇ ਵਾਪਸ ਬੁਲਾਨਾ ਹੋ,
ਹਮੇਸ਼ਾ ਦੇਰ ਕਰ ਦੇਤਾ ਹੂੰ ਮੈ।
ਮਦਦ ਕਰਨੀ ਹੋ ਉਸਕੀ,
ਯਾਰ ਕੀ, ਢਾਰਸ ਬੰਧਾਨਾ ਹੋ,
ਬਹੁਤ ਦੇਰੀਨਾ ਰਸਤੋਂ ਪਰ,
ਕਿਸੀ ਕੋ ਮਿਲਨੇ ਜਾਨਾ ਹੋ,
ਹਮੇਸ਼ਾ ਦੇਰ ਕਰ ਦੇਤਾ ਹੂੰ ਮੈਂ।
ਬਦਲਤੇ ਮੌਸਮੋਂ ਕੀ ਸੈਰ ਮੇਂ, ਦਿਲ ਕੋ ਲਗਾਨਾ ਹੋ,
ਕਿਸੀ ਕੋ ਯਾਦ ਰਖਨਾ ਹੋ ਕਿਸੀ ਕੋ ਭੂਲ ਜਾਨਾ ਹੋ,
ਹਮੇਸ਼ਾ ਦੇਰ ਕਰ ਦੇਤਾ ਹੂੰ ਮੈ।
ਕਿਸੀ ਕੋ ਮੌਤ ਸੇ ਪਹਲੇ ਕਿਸੀ ਗਮ ਸੇ ਬਚਾਨਾ ਹੋ,
ਹਕੀਕਤ ਔਰ ਥੀ ਕੁਛ,
ਉਸ ਕੋ ਜਾ ਕੇ ਯੇ ਬਤਾਨਾ ਹੋ,
ਹਮੇਸ਼ਾ ਦੇਰ ਕਰ ਦੇਤਾ ਹੂੰ ਮੈਂ।

ਮੇਰਾ ਗਾਇਆ ਸ਼ਬਦ 'ਮੇਰਾ ਮਨੁ ਆਲਸੀਆ ਉਘਲਾਨਾ' ਉਸ ਦੀ ਧੁਨੀ ਅਤੇ ਮੁਨੀਰ ਨਿਆਜ਼ੀ ਦੀ ਨਜ਼ਮ 'ਹਮੇਸ਼ਾ ਦੇਰ ਕਰ ਦੇਤਾ ਹੂੰ ਮੈ' ਨੇ ਮੇਰੇ ਦਿਮਾਗ ਵਿਚ ਪਤਾ ਨਹੀਂ ਕੀ ਕੈਮੀਕਲ  ਘਾਲਾਮਾਲਾ ਪੈਦਾ ਕੀਤਾ ਕਿ ਉਸ ਰਾਤ ਦੇਰ ਤਕ ਨੀਂਦ ਨਹੀਂ ਆਈ।

-- ਭੁੱਲ ਚੁੱਕ ਖਿਮਾ ਜੀ --



# ਗੁਰਮਤਿ ਸੰਗੀਤ ਵਿਚ ਰਾਗ ਕਾਨੜਾ

*** ਗੁਰਨਾਮ ਸਿੰਘ (ਡਾ.)**

ਗੁਰੂ ਗ੍ਰੰਥ ਸਾਹਿਬ ਵਿਚ ਰਾਗ ਕਾਨੜਾ ਨੂੰ ਰਾਗਾਂ ਦੀ ਤਰਤੀਬ ਅਧੀਨ ਅਠਾਈਵੇਂ ਸਥਾਨ 'ਤੇ ਅੰਕਿਤ ਕੀਤਾ ਗਿਆ। ਇਹ ਭਾਰਤੀ ਸੰਗੀਤ ਵਿਚ ਲੋਕਪ੍ਰਿਯ ਪਰੰਤੂ ਕਠਿਨ ਰਾਗਾਂ ਦੀ ਸ਼੍ਰੇਣੀ ਵਿਚ ਆਉਂਦਾ ਹੈ। ਪੁਰਾਤਨ ਸਮੇਂ ਤੋਂ ਹੀ ਸੰਗੀਤਕਾਰਾਂ ਦਾ ਲੋਕਪ੍ਰਿਯ ਰਾਗ ਰਿਹਾ ਹੈ। ਸਮਰਾਟ ਅਕਬਰ ਦੇ ਸੰਗੀਤ ਰਤਨ ਤਾਨਸੇਨ ਨੇ ਇਸ ਨੂੰ ਅਕਬਰੀ ਦਰਬਾਰ ਵਿਚ ਖੂਬ ਗਾਇਆ ਅਤੇ ਇਹ ਦਰਬਾਰੀ ਕਾਨੜਾ ਵਜੋਂ ਪ੍ਰਚਲਿਤ ਹੋਇਆ। ਗੁਰੂ ਘਰ ਵਿਚ ਇਹ ਰਾਗ ਕੇਵਲ 'ਕਾਨੜਾ' ਵਜੋਂ ਹੀ ਪ੍ਰਚਾਰ ਵਿਚ ਰਿਹਾ ਜਿਸ ਦੇ ਅੰਤਰਗਤ ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਰਜ ਹੈ।

ਗੁਰੂ ਰਾਮਦਾਸ ਜੀ ਦੇ ਚਉਪਦੇ, ਅਸ਼ਟਪਦੀਆਂ, ਵਾਰ ਅਤੇ ਗੁਰੂ ਅਰਜਨ ਦੇਵ ਜੀ ਦੇ ਚਉਪਦੇ, ਛੰਤ ਅੰਕਿਤ ਹਨ। ਭਗਤਾਂ ਵਿਚੋਂ ਭਗਤ ਨਾਮਦੇਵ ਜੀ ਦੀ ਬਾਣੀ ਰਾਗ ਕਾਨੜਾ ਵਿਚ ਦਰਜ ਹੈ।

ਗੁਰੂ ਘਰ ਦੀ ਇਹ ਵਿਸ਼ੇਸ਼ਤਾ ਹੈ ਕਿ ਇਥੇ ਗੁਰ ਸ਼ਬਦ ਦਾ ਗੁਰੂ ਗ੍ਰੰਥ ਦੇ ਰੂਪ ਵਿਚ ਪ੍ਰਕਾਸ਼ ਹੀ ਨਹੀਂ ਕੀਤਾ ਸਗੋਂ ਸ਼ਬਦ ਦੇ ਕੀਰਤਨ, ਪਾਠ ਤੇ ਵਿਚਾਰ ਦੁਆਰਾ ਇਸ ਦਾ ਨਿਰੰਤਰ ਸੰਚਾਰ ਵੀ ਕੀਤਾ। ਗੁਰੂ ਅਰਜਨ ਪਾਤਸ਼ਾਹ ਨੇ ਹਰਿਮੰਦਰ ਸਾਹਿਬ ਵਿਚ ਪੋਥੀ ਸਾਹਿਬ ਦੇ ਪ੍ਰਕਾਸ਼ ਦੇ ਨਾਲ-ਨਾਲ ਸ਼ਬਦ ਕੀਰਤਨ ਦਾ ਵੱਖ-ਵੱਖ ਕੀਰਤਨ ਚੌਕੀਆਂ ਦੇ ਰੂਪ ਵਿਚ ਪ੍ਰਵਾਹ ਵੀ ਚਲਾਇਆ। ਇਨ੍ਹਾਂ ਕੀਰਤਨ ਚੌਕੀਆਂ ਵਿਚੋਂ ਕਾਨੜਾ ਜਾਂ ਕੀਰਤਨ ਸੋਹਿਲੇ ਦੀ ਚੌਕੀ (ਸਮਾਪਤੀ ਦੀ ਚੌਕੀ) ਹੈ। ਇਸ ਚੌਕੀ ਦੇ ਅੰਤਰਗਤ ਰਾਤ ਦੇ ਸਮੇਂ ਮੁਤਾਬਕ ਰਾਤ ਦੇ ਸਮੇਂ ਦੇ ਰਾਗਾਂ ਜਿਵੇਂ ਕਾਨੜਾ, ਜੈਜਾਵੰਤੀ, ਨਟ ਨਾਰਾਇਣ, ਤਿਲੰਗ ਕਾਫੀ, ਸੋਰਠਿ, ਬਿਹਾਗੜਾ ਆਦਿ ਰਾਗਾਂ ਅਧੀਨ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ ਹੈ। ਉਪਰੰਤ ਕੀਰਤਨ ਸੋਹਿਲੇ ਦਾ ਪਾਠ ਅਤੇ 'ਤੂ ਆਪੇ ਹੀ ਸਿਧ ਸਾਧਕੋ' ਪਉੜੀ ਤਾਲ ਅਧੀਨ ਗਾਇਨ ਕਰਕੇ ਪਵਣ ਗੁਰੂ ਪਾਣੀ ਪਿਤਾ ਸਲੋਕ ਗਾਇਨ ਉਪਰੰਤ ਇਸ ਚੌਕੀ ਦੀ ਸਮਾਪਤੀ ਕੀਤੀ ਜਾਂਦੀ ਹੈ। ਸਮਾਪਤੀ ਉਪਰੰਤ ਸਮੁੱਚੇ ਰੂਪ ਵਿਚ ਅਰਦਾਸ ਕੀਤੀ ਜਾਂਦੀ ਹੈ।

ਭਾਰਤੀ ਸੰਗੀਤ ਵਿਚ ਰਾਗ ਕਾਨੜਾ ਨੂੰ ਰਾਗਾਂਗ ਰਾਗ ਸਵੀਕਾਰਿਆ ਹੈ। ਇਸ ਦੇ ਕਈ ਪ੍ਰਕਾਰ ਪ੍ਰਚਲਿਤ ਹਨ ਜਿਵੇਂ ਗੁਰੂ ਗਿਰਾਰਥ ਕੋਸ਼ ਵਿਚ ਇਸ ਨੂੰ ਰਾਤ ਦੇ ਪ੍ਰਥਮ ਪਹਿਰ ਗਾਏ ਜਾਣ ਵਾਲੇ ਰਾਗ ਵਜੋਂ ਅਤੇ ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਵਿਚ ਆਸਾਵਰੀ ਥਾਟ ਅਧੀਨ ਸ਼ਾੜਵ ਸੰਪੂਰਨ ਜਾਤੀ ਦਾ ਰਾਗ ਮੰਨਿਆ ਹੈ ਜਿਸ ਵਿਚ ਗੰਧਾਰ, ਧੈਵਤ, ਨਿਸ਼ਾਦ ਕੋਮਲ, ਬਾਕੀ ਸੁਰ ਸ਼ੁੱਧ ਲਗਦੇ ਹਨ। ਇਸ ਦਾ ਆਰੋਹ ਵਿਚ ਗੰਧਾਰ ਦੁਰਬਲ ਹੈ। ਇਸ ਰਾਗ ਦਾ ਵਾਦੀ ਰਿਸ਼ਭ, ਸੰਵਾਦੀ ਪੰਚਮ ਸਵੀਕਾਰਿਆ ਗਿਆ ਹੈ।ਭਾਰਤੀ ਸੰਗੀਤ ਵਿਚ ਰਾਗ ਕਾਨੜਾ ਬਹੁਤ ਲੋਕਪ੍ਰਿਯ ਅਤੇ ਕਠਿਨ ਰਾਗਾਂ ਦੀ ਸ਼੍ਰੇਣੀ ਵਿਚ ਆਉਂਦਾ ਹੈ। ਇਸ ਦੀ ਉਤਪਤੀ ਸਬੰਧੀ ਵੱਖ-ਵੱਖ ਗ੍ਰੰਥਕਾਰਾਂ ਦੇ ਵਿਭਿੰਨ ਮੱਤ ਪ੍ਰਚਾਰ ਅਧੀਨ ਹਨ। ਪੰ. ਵਿਸ਼ਨੂ ਨਾਰਾਇਣ ਭਾਤਖੰਡੇ ਆਪਣੀ ਪੁਸਤਕ ਭਾਤਖੰਡੇ ਸੰਗੀਤ ਸ਼ਾਸਤਰ ਵਿਚ ਲਿਖਦੇ ਹਨ ਕਿ ਕੁਝ ਰਾਗਾਂ ਦੀ ਉਤਪਤੀ ਵਿਭਿੰਨ ਪ੍ਰਾਂਤਾਂ ਦੇ ਨਾਮ 'ਤੇ ਹੋਈ ਹੈ। ਪੁਰਾਤਨ ਸੰਗੀਤ ਦੇ ਗ੍ਰੰਥਾਂ ਵਿਚ ਇਸ ਦੀ ਉਤਪਤੀ ਕਰਨਾਟਕ ਪ੍ਰਾਂਤ ਦੇ ਨਾਮ ਤੋਂ ਹੋਈ ਹੈ। ਇਸ ਰਾਗ ਦੇ ਕਈ ਨਾਮ ਪ੍ਰਚਾਰ ਅਧੀਨ ਰਹੇ ਹਨ ਜਿਵੇਂ ਕੰਨੜ, ਕਾਨੜੀ, ਕਾਨਰਾ, ਕਾਨੜਾ ਆਦਿ। ਕਰਨਾਟਕੀ ਸੰਗੀਤ ਦਾ ਇਕ ਰਾਗ ਕ੍ਰਨਾਟਗੌੜ ਮਿਲਦਾ ਹੈ ਜਿਸ ਦਾ ਸਰੂਪ ਉਤਰੀ ਭਾਰਤ ਦੇ ਕਾਨੜਾ ਦੇ ਸਰੂਪ ਨਾਲ ਕਾਫੀ ਮਿਲਦਾ ਹੈ ਜਿਸ ਤੋਂ ਇਸ ਦੀ ਪੁਰਾਤਨਤਾ ਸਿੱਧ ਹੁੰਦੀ ਹੈ। ਮੱਧਕਾਲ ਵਿਚ ਰਾਗ-ਰਾਗਣੀ ਪੱਧਤੀ ਨਾਲ ਸਬੰਧਤ ਕੁਝ ਵਿਦਵਾਨਾਂ ਵਿਚੋਂ ਦਮੋਦਰ ਪੰਡਿਤ ਨੇ ਇਸ ਨੂੰ ਦੀਪਕ ਰਾਗ ਦੀ ਰਾਗਣੀ ਮੰਨਿਆ ਹੈ। ਰਾਗ ਕਾਨੜਾ ਦੇ ਨਾਦਾਤਮਕ ਸਰੂਪ ਸਬੰਧੀ ਪ੍ਰਾਚੀਨ ਗ੍ਰੰਥਾਂ ਵਿਚੋਂ ਮਿਲਦੇ ਹਵਾਲਿਆਂ ਅਨੁਸਾਰ ਅਕਬਰ ਕਾਲ ਤੋਂ ਇਸ ਰਾਗ ਨੂੰ ਸ਼ੁੱਧ ਕਾਨੜੇ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਸੀ। ਆਰੰਭ ਵਿਚ ਇਸ ਵਿਚ ਕੇਵਲ ਕੋਮਲ ਨਿਸ਼ਾਦ ਦੀ ਵਰਤੋਂ ਹੀ ਕੀਤੀ ਜਾਂਦੀ ਸੀ, ਉਪਰੰਤ ਹੌਲੀ ਹੌਲੀ ਗੰਧਾਰ ਕੋਮਲ ਹੋਇਆ ਅਤੇ ਅੱਗੇ ਚਲ ਕੇ ਇਸ ਵਿਚ ਗੰਧਾਰ, ਧੈਵਤ ਅਤੇ ਨਿਸ਼ਾਦ ਕੋਮਲ ਵਰਤੇ ਜਾਣ ਲੱਗ ਪਏ। ਗੁਰਮਤਿ ਵਿਚ ਪ੍ਰਯੁਕਤ ਕਾਨੜਾ ਧੈਵਤ ਸੁਰ ਰਹਿਤ ਵਜੋਂ ਪ੍ਰਵਾਨ ਕੀਤਾ ਗਿਆ ਹੈ। ਭਾਰਤੀ ਸੰਗੀਤ ਵਿਚ ਇਸ ਰਾਗ ਦੇ ਵਿਭਿੰਨ ਸਰੂਪਾਂ ਵਿਚੋਂ ਪਹਿਲਾ ਸਰੂਪ ਦਰਬਾਰੀ ਕਾਨੜਾ ਰਿਹਾ। ਇਸ ਨੂੰ ਆਸਾਵਰੀ ਥਾਟ ਦੇ ਅੰਤਰਗਤ ਰਖਿਆ ਗਿਆ ਹੈ। ਇਸ ਵਿਚ ਗੰਧਾਰ, ਧੈਵਤ ਅਤੇ ਨਿਸ਼ਾਦ ਸੁਰ ਕੋਮਲ ਅਤੇ ਬਾਕੀ ਸੁਰ ਸ਼ੁੱਧ ਵਰਤੇ ਜਾਂਦੇ ਹਨ। ਇਸ ਵਿਚ ਵਾਦੀ ਸੁਰ ਰਿਸ਼ਭ ਅਤੇ ਸੰਵਾਦੀ ਸੁਰ ਪੰਚਮ ਮੰਨਿਆ ਗਿਆ ਹੈ।

ਇਸ ਦਾ ਗਾਇਨ ਸਮਾਂ ਅੱਧੀ ਰਾਤ ਦਾ ਮੰਨਿਆ ਗਿਆ ਹੈ। ਇਸ ਨੂੰ ਮੱਧ ਸਪਤਕ ਦਾ ਰਾਗ ਕਿਹਾ ਗਿਆ ਹੈ।ਇਸ ਦਾ ਆਰੋਹ ਨਿਸ਼ਾਦ (ਕੋਮਲ, ਮੰਦਰ ਸਪਤਕ) ਸ਼ੜਜ ਰਿਸ਼ਭ ਗੰਧਾਰ (ਕੋਮਲ) ਰਿਸ਼ਭ ਸ਼ੜਜ, ਮਧਿਅਮ ਪੰਚਮ, ਧੈਵਤ (ਕੋਮਲ) ਨਿਸ਼ਾਦ (ਕੋਮਲ) ਸ਼ੜਜ (ਤਾਰ ਸਪਤਕ) ਅਤੇ ਅਵਰੋਹ ਸ਼ੜਜ (ਤਾਰ ਸਪਤਕ), ਧੈਵਤ (ਕੋਮਲ) ਨਿਸ਼ਾਦ(ਕੋਮਲ) ਪੰਚਮ ਮਧਿਅਮ ਪੰਚਮ, ਮਧਿਅਮ-ਗੰਧਾਰ(ਕੋਮਲ) ਮਧਿਅਮ-ਗੰਧਾਰ(ਕੋਮਲ) ਮਧਿਅਮ ਰਿਸ਼ਭ ਸ਼ੜਜ ਹੈ।

ਉਪਰੋਕਤ ਸਰੂਪ ਇਕ ਹੋਰ ਵਿਦਵਾਨ ਪੰਡਤ ਸ੍ਰੀ ਹਰੀਸ਼ ਚੰਦਰ ਬਾਲੀ ਨੇ ਮੰਦਰ ਸਪਤਕ ਦਾ ਕੋਮਲ ਧੈਵਤ ਵਾਦੀ ਅਤੇ ਮੱਧ ਸਪਤਕ ਦਾ ਗੰਧਾਰ ਕੋਮਲ ਸੰਵਾਦੀ ਮੰਨ ਕੇ ਪ੍ਰਵਾਨ ਕੀਤਾ ਹੈ।

ਸਿੱਖ ਕੀਰਤਨੀਆਂ ਨੇ ਰਾਗ ਕਾਨੜਾ ਦਾ ਦੂਸਰਾ ਸਰੂਪ ਥਾਟ-ਉਪਥਾਟ ਪੱਧਤੀ ਅਧੀਨ ਆਸਾਵਰੀ ਬਿਲਾਵਲ ਉਪਥਾਟ ਦੇ ਅੰਤਰਗਤ ਮੰਨਿਆ ਹੈ। ਇਸ ਵਿਚ ਦੋਵੇਂ ਨਿਸ਼ਾਦ, ਗੰਧਾਰ ਕੋਮਲ ਅਤੇ ਬਾਕੀ ਸੁਰ ਸ਼ੁੱਧ ਲਗਦੇ ਹਨ। ਇਸ ਦੀ ਜਾਤੀ ਸ਼ਾੜਵ-ਸੰਪੂਰਨ ਮੰਨੀ ਗਈ ਹੈ। ਇਸ ਦਾ ਵਾਦੀ ਸੁਰ ਪੰਚਮ, ਸੰਵਾਦੀ ਸੁਰ ਨਿਸ਼ਾਦ ਮੰਨਿਆ ਗਿਆ ਹੈ। ਇਸ ਦਾ ਆਰੋਹ ਸ਼ੜਜ ਰਿਸ਼ਭ ਗੰਧਾਰ (ਕੋਮਲ) ਮਧਿਅਮ ਪੰਚਮ ਨਿਸ਼ਾਦ ਸ਼ੜਜ (ਤਾਰ ਸਪਤਕ) ਅਤੇ ਅਵਰੋਹ ਸ਼ੜਜ (ਤਾਰ ਸਪਤਕ) ਨਿਸ਼ਾਦ ਧੈਵਤ ਨਿਸ਼ਾਦ (ਕੋਮਲ) ਪੰਚਮ, ਮਧਿਅਮ ਪੰਚਮ ਗੰਧਾਰ (ਕੋਮਲ) ਮਧਿਅਮ ਮਧਿਅਮ ਰਿਸ਼ਭ ਸ਼ੜਜ ਹੈ।

ਕਾਨੜੇ ਦੇ ਤੀਸਰੇ ਪ੍ਰਕਾਰ ਆਸਾਵਰੀ ਥਾਟ ਅਧੀਨ ਪ੍ਰਚਲਿਤ ਪ੍ਰਕਾਰ ਦੀ ਜਾਤੀ ਸ਼ਾੜਵ-ਵਕਰ ਸ਼ਾੜਵ ਮੰਨੀ ਗਈ ਹੈ। ਇਸ ਨੂੰ ਮੰਦਰ ਅਤੇ ਮੱਧ ਸਪਤਕ ਵਿਚ ਗਾਇਆ ਜਾਂਦਾ ਹੈ। ਇਸ ਦਾ ਗਾਇਨ ਸਮਾਂ ਰਾਤ ਦਾ ਦੂਜਾ ਪਹਿਰ ਹੈ। ਇਸ ਵਿਚ ਗੰਧਾਰ ਅਤਿ ਕੋਮਲ ਹੈ। ਇਸ ਵਿਚ ਦੋਵੇਂ ਨਿਸ਼ਾਦ ਵਰਤੇ ਜਾਂਦੇ ਹਨ। ਇਸਦਾ ਆਰੋਹ ਨਿਸ਼ਾਦ (ਕੋਮਲ, ਮੰਦਰ ਸਪਤਕ) ਸ਼ੜਜ ਰਿਸ਼ਭ ਮਧਿਅਮ ਪੰਚਮ, ਧੈਵਤ (ਕੋਮਲ) ਨਿਸ਼ਾਦ (ਕੋਮਲ) ਸ਼ੜਜ (ਤਾਰ ਸਪਤਕ) ਅਤੇ ਅਵਰੋਹ ਸ਼ੜਜ (ਤਾਰ ਸਪਤਕ) ਨਿਸ਼ਾਦ (ਕੋਮਲ) ਪੰਚਮ ਗੰਧਾਰ (ਕੋਮਲ) ਮਧਿਅਮ ਰਿਸ਼ਭ ਸ਼ੜਜ ਹੈ।

ਗੁਰਮਤਿ ਸੰਗੀਤ ਵਿਚ ਰਾਗ ਨਿਰਣਾਇਕ ਕਮੇਟੀ ਨੇ ਅਤੇ ਵਿਦਵਾਨ ਕੀਰਤਨਕਾਰਾਂ ਨੇ ਨਿਮਨਲਿਖਤ ਸਰੂਪ ਨੂੰ ਪ੍ਰਵਾਨਿਤ ਕੀਤਾ ਹੈ।

ਇਸ ਰਾਗ ਦਾ ਥਾਟ ਕਾਫੀ ਹੈ। ਇਸ ਦੀ ਜਾਤੀ ਸ਼ਾੜਵ-ਸ਼ਾੜਵ ਮੰਨੀ ਜਾਂਦੀ ਹੈ। ਇਸ ਦਾ ਵਾਦੀ ਪੰਚਮ ਅਤੇ ਸੰਵਾਦੀ ਸ਼ੜਜ ਮੰਨਿਆ ਗਿਆ ਹੈ। ਇਸ ਵਿਚ ਧੈਵਤ ਸੁਰ ਵਰਜਿਤ ਕੀਤਾ ਗਿਆ ਹੈ। ਗਾਇਨ ਸਮਾਂ ਰਾਤ ਦਾ ਦੂਜਾ ਪਹਿਰ ਹੈ। ਇਸ ਦਾ ਆਰੋਹ ਸ਼ੜਜ ਰਿਸ਼ਭ ਗੰਧਾਰ (ਕੋਮਲ), ਮਧਿਅਮ ਪੰਚਮ, ਨਿਸ਼ਾਦ ਸ਼ੜਜ (ਤਾਰ ਸਪਤਕ) ਅਤੇ ਅਵਰੋਹ ਸ਼ੜਜ (ਤਾਰ ਸਪਤਕ), ਨਿਸ਼ਾਦ (ਕੋਮਲ) ਪੰਚਮ, ਮਧਿਅਮ ਪੰਚਮ, ਗੰਧਾਰ (ਕੋਮਲ) ਮਧਿਅਂ ਰਿਸ਼ਭ ਸ਼ੜਜ ਹੈ।

ਰਾਗ ਕਾਨੜਾ ਵਿਚ ਗੁਰੂ ਰਾਮਦਾਸ ਜੀ ਦੀਆਂ ਛੇ ਪੜਤਾਲਾਂ ਹਨ ਜਿਨ੍ਹਾਂ ਨੂੰ ਗੁਰਮਤਿ ਸੰਗੀਤ ਵਿਚ ਬੜੇ ਉਤਸ਼ਾਹ ਨਾਲ ਗਾਇਆ ਜਾਂਦਾ ਹੈ। ਇਨ੍ਹਾਂ ਪੜਤਾਲਾਂ ਦੀਆਂ ਰਚਨਾਵਾਂ ਪ੍ਰੋ. ਤਾਰਾ ਸਿੰਘ, ਪ੍ਰਿੰ. ਦਿਆਲ ਸਿੰਘ ਆਦਿ ਰਚਨਾਵਾਂ ਨੇ ਕੀਤੀਆਂ ਹਨ।

ਰਾਗ ਕਾਨੜਾ ਦੇ ਅਧੀਨ 20ਵੀਂ ਸਦੀ ਦੇ ਪ੍ਰਮੁੱਖ ਰਚਨਾਕਾਰ ਸ੍ਰ. ਗਿਆਨ ਸਿੰਘ ਐਬਟਾਬਾਦ, ਪ੍ਰੋ. ਤਾਰਾ ਸਿੰਘ, ਰਾਗੀ ਜਸਵੰਤ ਸਿੰਘ ਤੀਵਰ, ਸੰਤ ਸਰਵਣ ਸਿੰਘ *ਗੰਧਰਵ,* ਪ੍ਰਿੰ. ਦਿਆਲ ਸਿੰਘ, ਡਾ. ਜਾਗੀਰ ਸਿੰਘ, ਪ੍ਰੋ. ਕਰਤਾਰ ਸਿੰਘ, ਡਾ. ਗੁਰਨਾਮ ਸਿੰਘ, ਪ੍ਰੋ. ਪਰਮਜੋਤ ਸਿੰਘ, ਪ੍ਰੋ. ਹਰਮਿੰਦਰ ਸਿੰਘ, ਆਦਿ ਦੀਆਂ ਸੁਰਲਿਪੀਬੱਧ ਰਚਨਾਵਾਂ ਮਿਲਦੀਆਂ ਹਨ।

ਰਾਗ ਕਾਨੜਾ ਨੂੰ ਗੁਰੂ ਘਰ ਦੇ ਕੀਰਤਨੀਆਂ, ਰਾਗੀਆਂ ਤੇ ਸੰਗੀਤਕਾਰਾਂ ਨੇ ਬਾਖੂਬੀ ਗਾਇਆ ਹੈ ਜਿਨ੍ਹਾਂ ਦੀ ਰਿਕਾਰਡਿੰਗ ਅਸੀਂ **www.gurmatsangeetpup.com, www.sikh-relics.com, www.vismaadnaad.org** ਵੈਬਸਾਈਟਸ ਤੇ ਸੁਣ ਸਕਦੇ ਹਾਂ।

* ਫ਼ਾਊਂਡਰ ਪ੍ਰੋਫੈਸਰ, ਗੁਰਮਤਿ ਸੰਗੀਤ ਚੇਅਰ – ਗੁਰਮਤਿ ਸੰਗੀਤ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਪ੍ਰਿੰਸੀਪਲ ਸਰਦਾਰ ਗੁਰਬਖਸ਼ ਸਿੰਘ ਸ਼ੇਰਗਿੱਲ ਦਾ ਦਿਹਾਂਤ

ਮਲਵਿੰਦਰ ਸਿੰਘ ਮੱਲੀ



ਪੰਜਾਬ 'ਚ ਸਿੱਖਿਆ ਜਗਤ ਦੇ ਵੱਡੇ ਥੰਮ ਪ੍ਰਿੰਸੀਪਲ ਸਰਦਾਰ ਗੁਰਬਖਸ਼ ਸਿੰਘ ਸ਼ੇਰਗਿੱਲ ਦਾ ਡਗਸ਼ਈ ਵਿਖੇ ਅੱਜ ਮਿਤੀ 19.8.2020 ਨੂੰ ਤੜਕੇ 2.20 ਵਜੇ ਦਿਹਾਂਤ ਹੋ ਗਿਆ ਹੈ।

ਉਹ 92 ਸਾਲਾਂ ਦੇ ਸਨ ਤੇ ਅੱਜ ਕੱਲ ਆਪਣੀ ਬੇਟੀ ਮਧੂਪ੍ਰੀਤ ਕੌਰ (ਵਿਨੂ) ਤੇ ਆਪਣੇ ਜੁਆਈ ਸੂਰਜਪ੍ਰਕਾਸ਼ ਸਿੰਘ (ਹਨੀ) ਕੋਲ ਡਗਸ਼ਈ ਵਿਖੇ ਰਹਿ ਰਹੇ ਸਨ।

ਸ਼ੇਰਗਿੱਲ ਸਾਹਿਬ ਦੇ ਪਰਿਵਾਰ ਨੇ ਪਾਕਿਸਤਾਨ ਤੋਂ ਬੰਗੇ ਤੇ ਫਿਰ ਗੰਗਾਨਗਰ ਚੱਕ ਪੈਂਤੀ ਬੀ ਤੇ ਫਿਰ ਚੰਡੀਗੜ੍ਹ ਵਿਖੇ ਰਹਿਣਾ ਸ਼ੁਰੂ ਕੀਤਾ।

ਪ੍ਰਿੰਸੀਪਲ ਸਰਦਾਰ ਗੁਰਬਖਸ਼ ਸਿੰਘ ਸ਼ੇਰਗਿੱਲ ਜੀ ਵੱਲੋਂ ਖਾਲਸਾ ਕਾਲਜ ਅੰਮ੍ਰਿਤਸਰ ਅਤੇ ਸਰਕਾਰੀ ਕਾਲਜ ਲੁਧਿਆਣਾ ਤੋਂ ਸਿੱਖਿਆ ਹਾਸਲ ਕੀਤੀ ਸੀ। ਵਿਦਿਆਰਥੀ ਜੀਵਨ ਦੌਰਾਨ ਹੀ ਉਹਨਾਂ ਆਜ਼ਾਦੀ ਦੇ ਸੰਘਰਸ਼ ਵਿਚ ਹਿੱਸਾ ਲਿਆ ਤੇ ਆਜ਼ਾਦੀ ਤੋਂ ਤੁਰੰਤ ਬਾਅਦ ਉਹ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਬਣੇ।

ਉਹਨਾਂ ਸਿੱਖ ਨੈਸ਼ਨਲ ਕਾਲਜ ਬੰਗਾ, ਹੁਣ ਜਿਲਾ ਸ਼ਹੀਦ ਭਗਤ ਸਿੰਘ ਨਗਰ, ਵਿਚ ਅਰਥ ਸ਼ਾਸਤਰ ਦੇ ਲੈਕਚਰਾਰ ਵਜੋਂ ਆਪਣੇ ਕੈਰੀਅਰ ਦੀ ਸ਼ੁਰੂਆਤ ਕੀਤੀ ਤੇ 8 ਸਾਲ ਮਗਰੋਂ ਪ੍ਰਿੰਸੀਪਲ ਬਣੇ। ਉਹ 1967 ਵਿਚ 39 ਸਾਲ ਦੀ ਉਮਰ ਵਿਚ ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ੍ਹ ਦੇ ਪਹਿਲੇ ਫਾਉਂਡਰ ਪ੍ਰਿੰਸੀਪਲ ਬਣੇ। ਉਹ ਕਈ ਸਾਲ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਅਤੇ ਸਿੰਡੀਕੇਟ ਦੇ ਮੈਂਬਰ ਰਹੇ। ਸਾਲ 1975 ਵਿਚ ਉਹ ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਬਣੇ। ਉਹ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਵੀ ਚੇਅਰਮੈਨ ਰਹੇ ਤੇ ਇਨਟੈਕ ਦੇ ਪੰਜਾਬ ਚੈਪਟਰ ਦੇ ਚੇਅਰਮੈਨ ਵਜੋ ਸੇਵਾ ਨਿਭਾਈ।

ਪ੍ਰਿੰਸੀਪਲ ਸਰਦਾਰ ਗੁਰਬਖਸ਼ ਸਿੰਘ ਸ਼ੇਰਗਿੱਲ ਜੀ ਵਲੋਂ ਪੰਜਾਬ ਵਾਤਾਵਰਨ ਸੋਸਾਇਟੀ ਦਾ ਸੰਗਠਨ ਕੀਤਾ ਗਿਆ ਅਤੇ ਸਥਾਪਤ ਸੰਸਥਾ ਰਾਹੀਂ ਪੰਜਾਬ ਸਰਕਾਰ ਨੂੰ ਸਮੇਂ ਸਮੇਂ ਪੰਜਾਬ ਵਿੱਚ ਵੱਖ ਵੱਖ ਕਿਸਮ ਦੇ ਰੁੱਖਾਂ ਦੀ ਜਰੂਰਤ, ਬਾਬਾ ਸੀਚੇਵਾਲ ਜੀ ਦੇ ਉਧਮਾਂ ਨਾਲ ਜਰੂਰੀ ਸਹਿਯੋਗ ਅਤੇ ਪੰਜਾਬ ਵਿੱਚ ਪੀਣ ਵਾਲੇ ਪਾਣੀ ਦੀ ਗੁਣਵੰਤਾਂ ਦੀਆਂ

ਖਾਮੀਆਂ ਨੂੰ ਅੱਜ ਤੋਂ 30 ਸਾਲ ਪਹਿਲਾਂ 1990-95 ਦੇ ਦਰਮਿਆਨ ਵਰਕਸ਼ਾਪਾਂ, ਸੈਮੀਨਾਰਾਂ ਰਾਹੀਂ ਪੰਜਾਬ ਵਾਸੀਆਂ ਨੂੰ ਜਾਗਰੂਕ ਕਰਵਾਇਆ।

ਉਹਨਾਂ ਵਲੋਂ ਇੱਕ ਸੰਸਥਾ ਕੁਆਲਟੀ ਐਜੂਕੇਸ਼ਨ ਦੇ ਬੈਨਰ ਥਲੇ ਬਣਾਈ ਗਈ। ਜਿਸ ਰਾਹੀਂ ਸਕੂਲ ਅਤੇ ਕਾਲਜ ਵਿੱਚ ਪੰਜਾਬ ਦੀ ਜਰੂਰਤ ਅਨੁਸਾਰ ਢੁਕਵਾਂ ਗਿਆਨ ਅਤੇ ਨਾਲ ਹੀ ਵਿਰਾਸਤ ਦੀ ਜਾਣਕਾਰੀ ਤੇ ਸੂਝ ਬੂਝ ਨੂੰ ਸ਼ਾਮਿਲ ਕੀਤੇ ਜਾਣ ਲਈ ਕਈ ਸੈਮੀਨਾਰ ਕੀਤੇ ਗਏ। ਓਲਡ ਖਾਲਸਾ ਕਾਲਜ ਅੰਮ੍ਰਿਤਸਰ ਦੀ ਸੰਸਥਾ ਮੋਹਾਲੀ ਵਿਖੇ ਸਥਾਪਤ ਕੀਤੇ ਜਾਣ ਅਤੇ ਯਾਦਗਾਰੀ ਕੰਪਲੈਕਸ ਮੋਹਾਲੀ ਵਿੱਚ ਬਨਾਏ ਜਾਣ ਲਈ ਵਿਸ਼ੇਸ਼ ਉੱਦਮ ਕੀਤੇ ਅਤੇ ਉਸ ਉੱਤੇ ਫੇਸ 3 ਮੋਹਾਲੀ ਵਿਖੇ ਖਾਲਸਾ ਕਾਲਜ ਅੰਮ੍ਰਿਤਸਰ ਦੇ ਟਰਸਟ ਵਲੋਂ ਵਿਦਿਅਕ ਮਨੋਰਥਾਂ ਲਈ ਉਸਾਰੀ ਬਿਲਡਿੰਗ ਦੀ ਵਰਤੋਂ ਕੀਤੀ ਜਾ ਰਹੀ ਹੈ।

ਪ੍ਰਿੰਸੀਪਲ ਸ਼ੇਰਗਿੱਲ ਜੀ ਵਲੋਂ ਸਥਾਪਤ ਐਨ.ਜੀ.ਓ ਪੰਜਾਬ ਹੈਰੀਟੇਜ ਐਂਡ ਐਜੂਕੇਸ਼ਨ ਫਾਉਂਡੇਸਨ ਦੇ ਪਲੈਟਫਾਰਮ ਰਾਹੀਂ ਯਤਨ ਕੀਤੇ ਗਏ ਤੇ ਇਤੀਹਾਸਕ ਗੋਬਿੰਦਗੜ ਕਿੱਲਾ, ਅੰਮ੍ਰਿਤਸਰ ਵਿਰਾਸਤੀ ਇਮਾਰਤ ਐਲਾਨੀ ਗਈ। ਉਹਨਾਂ ਨੇ ਅੰਮ੍ਰਿਤਸਰ ਕੰਪਨੀ ਬਾਗ ਨੂੰ ਵੀ ਵਿਰਾਸਤੀ ਯਾਦਾਂ ਵਜੋਂ ਸਾਂਭ ਸੰਭਾਲ ਅਤੇ ਅੰਮ੍ਰਿਤਸਰ ਵਾਸੀਆਂ ਨੂੰ ਮੁੜ ਸਮਰਪਤ ਕੀਤੇ ਜਾਣ ਲਈ ਉਪਰਾਲੇ ਕੀਤੇ । ਉਹਨਾਂ ਵਲੋਂ ਮੋਗਾ ਵਿਚ ਗੁਰਦੁਆਰਾ ਸਾਰਾਗੜੀ ਦੀ ਸਥਾਪਨਾ ਲਈ ਯੋਗਦਾਨ, ਬਾਬਾ ਬੰਦਾ ਸਿੰਘ ਬਹਾਦਰ ਦੀ ਯਾਦਗਾਰ ਛਪੜਝਿੜੀ ਦੀ ਮੁਹਿੰਮ ਜੂਨ 2001 ਵਿੱਢੀ ਜੋ ਸਰਕਾਰ ਪੱਧਰ ‘ਤੇ ਬਾਅਦ ਵਿੱਚ ਮੰਨਜੂਰ ਕੀਤੀ ਗਈ।

ਮਹਾਰਾਜਾ ਰਣਜੀਤ ਸਿੰਘ ਹੈਰੀਟੇਜ ਹਿੱਲ ਪਾਰਕ, ਨਵਾਂ ਸ਼ਹਿਰ ਤੇ ਰੋਪੜ ਦੇ ਦਰਮਿਆਨ ਸਤਲੁਜ ਦਰਿਆ ਦੇ ਕੰਡੇ ‘ਤੇ ਇਤਿਹਾਸਕ ਮਾਹਾਰਾਜਾ ਰਣਜੀਤ ਸਿੰਘ ਦੇ ਝੰਡੇ ਦੀ ਸਥਾਪਨਾ ਕਰਵਾਈ, ਸਵਰਾਜ ਮਾਜਦਾ ਫੈਕਟਰੀ ਕੰਪਲੈਕਸ ਦੇ ਨਜਦੀਕ ਸਾਲ 1999 ਵਿੱਚ ਸਥਾਪਨਾ ਲਈ ਮੁੱਖ ਭੂਮਿਕਾ ਨਿਭਾਈ। ਉਹਨਾਂ ਵਲੋਂ ਹੀ ਨਵੀਂ ਦਿਲੀ ਮਠਿਆਈ ਪੁੱਲ ਦੇ ਪਿਛੋਕੜ ਤੇ ਇਤਿਹਾਸਕ ਮਹੱਤਤਾ, ਦਿੱਲੀ ਫਤਿਹ ਦੇ ਇਤਿਹਾਸ ਨੂੰ ਮੁੜ ਸਿਰਜੇ ਜਾਣ ਲਈ ਇਤਿਹਾਸਕ ਤੱਥਾਂ ਨੂੰ ਉਭਾਰਕੇ ਸਿੱਖ ਕੌਮ ਦਾ ਸਾਨਾਮੱਤਾ ਵਿਰਸਾ ਯਾਦ ਕਰਵਾਇਆ। ਪ੍ਰੋਫੈਸਰ ਸ਼ੇਰਗਿੱਲ ਜੀ ਦੇ ਉੱਦਮਾ ਅਧੀਨ ਹੋਰ ਬਹੁਤ ਸਾਰੇ ਵਿਰਸੇ ਦੀਆਂ ਭੁਲੀਆਂ ਇਮਾਰਤਾਂ, ਜਿਵੇਂ ਬਾਬਾ ਬੰਦਾ ਸਿੰਘ ਬਹਾਦਰ ਦੇ ਹਿਮਾਚਲ ਵਿੱਚ ਯਾਦਗਾਰਾਂ ਆਦਿ ਬਾਰੇ ਪੰਜਾਬ ਸਰਕਾਰ ਵਲੋਂ ਸਾਂਭ ਸੰਭਾਲ ਕਰਵਾਏ ਜਾਣ ਲਈ ਪਹੁੰਚ ਕੀਤੀ। ਉਹਨਾਂ ਨੂੰ ਸਿੱਖ ਕੌਮ ਵਾਸਤੇ ਯੋਗਦਾਨ ਬਦਲੇ “ਨਿਸ਼ਾਨ-ਏ-ਸਿੱਖੀ” ਨਾਲ ਸਨਮਾਨਤ ਕੀਤਾ ਗਿਆ।

---

# ਸਿੱਖ ਗ੍ਰਹਿਸਤ ਜੀਵਨ ਅਤੇ ਗੁਰਮਤਿ ਸੰਗੀਤ

**ਡਾਕਟਰ ਜਾਗੀਰ ਸਿੰਘ**

ਸਿੱਖ ਧਰਮ ਇੱਕ ਸਮਾਜਕ ਧਰਮ ਹੈ। ਇਸ ਵਿੱਚ ਗ੍ਰਹਿਸਤ ਜੀਵਨ ਦੀ ਬਹੁੱਤ ਮਹੱਤਤਾ ਹੈ। ਅਸਲ ਵਿੱਚ ਗੁਰਬਾਣੀ ਅਨੁਸਾਰ ਤਾਂ ਧਰਮ ਦਾ ਅਰਥ ਗ੍ਰਹਿਸਤ ਵਿੱਚ ਹੀ ਸਪਸ਼ਟ ਹੁੰਦਾ ਹੈ। ਕਬੀਰ ਜੀ ਧਰਮ ਅਤੇ ਗ੍ਰਹਿਸਤ ਦਾ ਅੰਤਰ ਸੰਬੰਧ ਨਿਸਚਿਤ ਕਰਦੇ ਹੋਏ ਗੁਰ ਸਿੱਖ ਦੀ ਜੀਵਨ ਸ਼ੈਲੀ ਦਾ ਦ੍ਰਿਸ਼ਟੀਕੋਣ ਪੇਸ਼ ਕਰਦੇ ਹਨ–

*ਕਬੀਰ ਜੋ ਗ੍ਰਿਹਿ ਕਰ ਧਰਮ ਕਰ ਨਹੀ ਤ ਕਰ ਬੈਰਾਗ।।*
*ਬੈਰਾਗੀ ਬੰਧਨ ਕਰੇ ਤਾ ਕੋ ਬਡੋ ਅਭਾਗ।*

*(ਸਲੋਕ ਭਗਤ ਕਬੀਰ ਜੀ, ਪੰਨਾ 1367)*

ਭਾਈ ਗੁਰਦਾਸ ਜੀ ਨੇ ਵੀ ਇਸੇ ਪ੍ਰਸੰਗ ਵਿੱਚ ਸਪਸ਼ਟ ਕਹਿ ਦਿੱਤਾ ਹੈ ਕਿ ਜੀਵਨ ਜੀਉਣ ਦੀਆਂ ਜੁਗਤਾਂ ਵਿੱਚੋਂ ਗ੍ਰਹਿਸਤ ਜੀਵਨ ਪਰਧਾਨ ਹੈ।

*ਗਯਾਨਨ ਮੇ ਗਯਾਨ ਅਰੁ ਧਯਾਨਨ ਮੇ ਧਯਾਨ ਗੁਰੂ,*
*ਸਕਲ ਧਰਮ ਮੇ ਗ੍ਰਹਿਸਤ ਪਰਧਾਨ ਹੈ।।*

ਸਿਖ ਧਰਮ ਅਨੁਸਾਰ ਗ੍ਰਹਿਸਤ ਤੇ ਸੰਗੀਤ ਜ਼ਿੰਦਗੀ ਦੀ ਸਾਰਥਿਕਤਾ ਦੇ ਦੋ ਮਹੱਤਵਪੂਰਨ ਪਹਿਲੂ ਹਨ। ਗੁਰੂ ਸਾਹਿਬਾਨ ਨੇ ਸਿੱਖ ਗ੍ਰਹਿਸਤ ਵਿੱਚ ਗੁਰਮਤਿ ਸੰਗੀਤ ਨੂੰ ਇੰਜ ਓਤ ਪੋਤ ਕਰ ਦਿੱਤਾ ਹੈ ਕਿ ਸਿੱਖ ਇਸ ਤੋਂ ਵੱਖ ਹੋ ਹੀ ਨਹੀਂ ਸਕਦਾ।

ਗੁਰੂ ਸਾਹਿਬ ਨੇ ਲੋਕਾਂ ਦੀ ਮਾਨਸਿਕਤਾ ਅਨੁਸਾਰ ਬਾਣੀ ਦੇ ਕੋਮਲ ਅਤੇ ਸੁਹਜਮਈ ਹਥਿਆਰ ਦਾ ਪ੍ਰਯੋਗ ਕੀਤਾ ਅਤੇ ਲੋਕਾਂ ਦੀਆਂ ਮਾਨਸਿਕ ਬਿਰਤੀਆਂ ਨੂੰ ਬਦਲਣ ਦਾ ਜਤਨ ਅਰੰਭਿਆ। ਉਹਨਾਂ ਨੇ ਵੇਖਿਆ ਕਿ ਲੋਕਾਂ ਦੇ ਮਨ ਕੇਵਲ ਗਲਬਾਤੀ ਉਪਦੇਸ਼ ਦੇਣ ਨਾਲ ਨਹੀ ਬਦਲੇ ਜਾ ਸਕਦੇ । ਇਸ ਲਈ ਉਹਨਾਂ ਨੇ ਬਾਣੀ ਦੇ ਨਾਲ ਨਾਲ ਸੰਗੀਤ ਕਲਾ ਨੂੰ ਵੀ ਸ਼ਾਮਿਲ ਕਰ ਲਿਆ। ਉਸ ਵੇਲੇ ਲੋਕਾਂ ਵਿੱਚ ਪ੍ਰਚਲਤ ਲੋਕ ਸਾਹਿਤ ਅਤੇ ਲੋਕ ਸੰਗੀਤ ਹੀ ਉਹਨਾਂ ਦੇ ਭਾਵਾਂ ਦਾ ਵਿਰੇਚਨ ਕਰਦਾ ਸੀ। ਗੁਰੂ ਸਾਹਿਬ ਨੇ ਉਹਨਾਂ ਦੀਆਂ ਇਹਨਾਂ ਰੁਚੀਆਂ ਦਾ ਪੂਰਾ ਪੂਰਾ ਲਾਭ ਲਿਆ ਅਤੇ ਉਹਨਾਂ ਅੰਦਰ ਸੁਲਘਦੀ ਲੋਕ ਸੰਗੀਤ ਅਤੇ ਲੋਕ ਕਾਵਿ ਦੀ ਚੰਗਿਆੜੀ ਨੂੰ ਆਪਣੀ ਬਾਣੀ ਦੇ ਕੀਰਤਨ ਨਾਲ ਮਘਾਇਆ ਤੇ ਇਸਦੇ ਚਾਨਣ ਵਿੱਚ ਨਵੀ ਚੇਤਨਾ ਨੂੰ ਉਜਾਗਰ ਕੀਤਾ। ਉਹਨਾਂ ਨੇ ਆਪਣੀ ਬਾਣੀ ਲਈ ਜਿਥੇ ਲੋਕ ਬੋਲੀ ਅਤੇ ਲੋਕ ਕਾਵਿ ਰੂਪਾਂ ਦੀ ਵਰਤੋਂ ਕੀਤੀ ਉਥੇ ਲੋਕ ਸੰਗੀਤ ਨੂੰ ਵੀ ਉਸਦੇ ਅੰਗ–ਸੰਗ ਰੱਖਿਆ ਰੁ।

ਸੰਗੀਤ ਕਈ ਪੱਖਾਂ ਤੋਂ ਕਾਵਿ ਕਲਾ ਨਾਲੋਂ ਵਧੇਰੇ ਪ੍ਰਭਾਵਸ਼ਾਲੀ ਹੈ। ਕਾਵਿ ਦੀ ਮੁੱਖ ਸਮੱਗਰੀ ਭਾਸ਼ਾਗਤ ਸ਼ਬਦ ਹੁੰਦਾ ਹੈ। ਸ਼ਬਦ ਦੀ ਮਜਬੂਰੀ ਹੈ ਕਿ ਇਹ ਉਸ ਸਰੋਤੇ ਤੇ ਹੀ ਅਸਰ ਕਰਦਾ ਹੈ ਜਿਹੜਾ ਉਸ ਭਾਸ਼ਾ ਤੋਂ ਜਾਣੂ ਹੋਵੇ ਪਰ ਸੰਗੀਤ ਵਿੱਚ ਨਾਦ ਤੋਂ ਕੰਮ ਲਿਆ ਜਾਂਦਾ ਹੈ ਜਿਹੜਾ ਮਨੁੱਖਾਂ ਨੂੰ ਹੀ ਨਹੀ ਸਗੋਂ ਪਸ਼ੂਪੰਛੀਆਂ ਨੂੰ ਵੀ ਕੀਲ ਲੈਂਦਾ ਹੈ। ਸੰਗੀਤ ਰਤਨਾਕਰ ਵਿੱਚ ਸੰਗੀਤ ਦੀ ਮਹਿਮਾ ਕਰਦਿਆਂ ਦੱਸਿਆ ਹੈ ਕਿ ਪਾਰਵਤੀ ਪਤੀ ਅਤੇ ਦੇਵਤਾ ਗੀਤ ਨਾਲ ਪ੍ਰਸੰਨ ਹੁੰਦੇ ਹਨ। ਅਨੰਤ ਗੋਪੀ ਪਤੀ ਵੀ ਬੰਸਰੀ ਦੀ ਧੁਨ ਦੇ ਵਸ ਹੋ ਗਏ। ਬ੍ਰਹਮਾ ਸਾਮਗਾਨ ਕਰਦੇ ਹਨ। ਸੁਰਸਤੀ ਵੀਣਾ ਵਿੱਚ ਮਗਨ ਹੈ। ਯਕਸ਼, ਗੰਧਰਬ, ਦੇਵ ਦਾਨਵ ਆਦਿ ਦੀ ਤਾਂ ਗੱਲ ਹੀ ਕੀ ਹੈ, ਵਿਸ਼ੇ ਸਵਾਦਾਂ ਤੋਂ ਕੋਰਾ ਪੰਘੂੜੇ ਵਿੱਚ ਪਿਆ ਰੋਂਦਾ ਹੋਇਆ ਬਾਲ ਵੀ ਗੀਤ ਦਾ ਅੰਮ੍ਰਿਤ ਪੀ ਕੇ ਬੜੀ ਖੁਸ਼ੀ

ਪ੍ਰਾਪਤ ਕਰਦਾ ਹੈ। ਹੈਰਾਨੀ ਤਾਂ ਇਹ ਹੈ ਕਿ ਜੰਗਲ ਵਿੱਚ ਘੁੰਮਣ ਵਾਲਾ ਮਿਰਗ ਪਸ਼ੂ ਹੁੰਦਿਆਂ ਵੀ ਸ਼ਿਕਾਰੀ ਦੇ ਸੰਗੀਤ ਵਿੱਚ ਕੀਲੇ ਜਾਣ ਨਾਲ ਆਪਣੀ ਜਾਨ ਗੁਆ ਬਹਿੰਦਾ ਹੈ।

ਪੁਰਾਤਨ ਲੋਕਾਂ ਦਾ ਵਿਸ਼ਵਾਸ ਸੀ ਕਿ ਸੰਗੀਤ ਕੇਵਲ ਖੁਸ਼ੀ ਹੀ ਪ੍ਰਦਾਨ ਨਹੀ ਕਰਦਾ ਸਗੋਂ ਇਸ ਵਿੱਚ ਦੈਵੀ ਸ਼ਕਤੀ ਹੈ ਜਿਸ ਕਰਕੇ ਇਹ ਫਸਲਾਂ ਦਾ ਵਾਧਾ ਅਤੇ ਬਰਖਾ ਲਿਆਉਣ ਦਾ ਕਾਰਜ ਵੀ ਕਰਦਾ ਹੈ ਉਹਨਾਂ ਅਨੁਸਾਰ ਸੰਗੀਤ ਪ੍ਰਮਾਤਮਾ ਦੀ ਦਾਤ ਸੀ।

ਸੰਗੀਤ ਮਨੁੱਖ ਦੀਆਂ ਮਨ ਬਿਰਤੀਆਂ ਨੂੰ ਆਪਣੇ ਨਾਦ ਵੱਲ ਖਿੱਚ ਲੈਂਦਾ ਹੈ ਤੇ ਮਨੁੱਖੀ ਮਨ ਸੰਮੋਹਨ ਸ਼ਕਤੀ ਸਦਕਾ ਉਸ ਨਾਦ-ਪ੍ਰਵਾਹ ਦੇ ਨਾਲ ਨਾਲ ਤੁਰੀ ਜਾਂਦਾ ਹੈ ਇਸ ਤਰ੍ਹਾਂ ਮਨੁੱਖ ਆਪਣੇ ਅੰਦਰੂਨੀ ਅਨੰਦ ਵਿੱਚ ਮਗਨ ਹੋਇਆ ਗੋਚਰ ਸੰਸਾਰ ਤੋਂ ਅਤੀਤ ਮੰਡਲਾਂ ਵਿੱਚ ਵਿਚਰਦਾ ਹੈ। ਸੰਗੀਤ ਦੇ ਅਨੰਦ ਨੂੰ ਮਾਣਨ ਲਈ ਸਰੋਤੇ ਨੂੰ ਕੇਵਲ ਜੀਵਨ ਦੀਆਂ ਤ੍ਰਿਸ਼ਨਾਵਾਂ ਤੋਂ ਮੁਕਤ ਹੋ ਕੇ ਸੁਰ ਪ੍ਰਵਾਹ ਦੇ ਹਵਾਲੇ ਹੋ ਜਾਣ ਦੀ ਲੋੜ ਹੈ। ਸੰਗੀਤ ਅਸਲ ਵਿੱਚ ਮਨੁੱਖ ਦੇ ਹਿਰਦੇ ਦੀ ਭਾਸ਼ਾ ਹੈ ਅਤੇ ਮਨੁੱਖ ਦੇ ਮਨ ਨੂੰ ਪ੍ਰਸੰਨ ਕਰਨ ਲਈ ਸੰਗੀਤ ਨਾਲੋਂ ਵੱਧ ਕੇ ਹੋਰ ਕੋਈ ਸਾਧਨ ਨਹੀਂ ਹੈ। ਜਿਹੜੇ ਮਨੁੱਖ ਸੰਗੀਤ ਨਾਲ ਵੀ ਦ੍ਰਵਿਤ ਨਹੀ ਹੁੰਦੇ ਸ਼ੈਕਸਪੀਅਰ ਉਹਨਾਂ ਨੂੰ ਖਤਰਨਾਕ ਦਸਦਾ ਹੈ ਅਤੇ ਕਹਿੰਦਾ ਹੈ ਕਿ ਅਜੇਹੇ ਮਨੁੱਖਾਂ ਤੇ ਵਿਸ਼ਵਾਸ ਨਹੀ ਕੀਤਾ ਜਾਣਾ ਚਾਹੀਦਾ।

ਯਗਿਆਵਾਲਕ ਨੇ ਤਾਂ ਸੰਗੀਤ ਨੂੰ ਮੁਕਤੀ ਦਾਤਾ ਮੰਨਿਆ ਹੈ ਉਸ ਅਨੁਸਾਰ, *ਜਿਹੜਾ ਵੀਣਾ ਵਾਦਨ ਦੇ ਤੱਤ ਨੂੰ ਜਾਣਦਾ ਹੈ, ਜਿਹੜਾ ਸ਼ਰੁਤੀ ਅਤੇ ਜਾਤੀਆਂ ਦਾ ਗਿਆਨ ਰੱਖਦਾ ਹੈ, ਜਿਹੜਾ ਤਾਲ ਗਿਆਤਾ ਹੈ ਉਹ ਬਿਨਾਂ ਜਤਨ ਦੇ ਮੁਕਤੀ ਪ੍ਰਾਪਤ ਕਰ ਲੈਂਦਾ ਹੈ।"* ਸੰਗੀਤ ਮਨ ਨੂੰ ਭਟਕਣ ਤੋਂ ਬਚਾਉਂਦਾ ਹੈ। ਜਿਸ ਤਰ੍ਹਾਂ ਮੂੰਹ ਵਿੱਚ ਸੱਤੂ ਹੋਣ ਤਾਂ ਹੱਸਣਾ ਅਸੰਭਵ ਹੈ ਓਸੇ ਤਰ੍ਹਾਂ ਗਾਉਣ ਵੇਲੇ ਮਨ ਦਾ ਭਟਕਣਾ ਅਸੰਭਵ ਹੈ। ਸੰਗੀਤ ਮਨੁੱਖਾਂ ਨੂੰ ਇੱਕ ਦੂਜੇ ਦੇ ਨੇੜੇ ਲਿਆਉਂਦਾ ਹੈ ਅਤੇ ਉਹਨਾਂ ਵਿੱਚ ਸਮੂਹਕ ਚੇਤਨਾ ਦਾ ਸੰਚਾਰ ਕਰਦਾ ਹੈ।

ਜਦੋਂ ਕਾਵਿ ਨਾਲ ਸੰਗੀਤ ਦਾ ਸੁਮੇਲ ਕੀਤਾ ਜਾਂਦਾ ਹੈ ਤਾਂ ਕਾਵਿ ਦਾ ਅਰਥ ਸਮਝਣ ਸਮਝਾਉਣ ਦੀ ਲੋੜ ਨਹੀਂ ਪੈਂਦੀ ਸਗੋਂ ਭਾਵ ਆਪਣੇ ਆਪ ਹਿਰਦੇ ਵਿੱਚ ਵਸ ਜਾਂਦਾ ਹੈ। ਪੰਡਤ ਓਅੰਕਾਰ ਨਾਥ ਠਾਕੁਰ ਲਿਖਦੇ ਹਨ, *"ਸਾਰੇ ਜਾਣਦੇ ਹਨ ਕਿ ਸੰਗੀਤ ਵਿੱਚ ਸ਼ਬਦ ਦੇ ਅਰਥ ਦਾ ਬੋਧ ਹੋਏ ਬਿਨਾਂ ਹੀ ਭਾਵ ਜਾਂ ਰਸ ਦੀ ਪ੍ਰਤੀਤੀ ਹੋ ਜਾਂਦੀ ਹੈ।"* ਕਵਿਤਾ ਉਪਰ ਸੰਗੀਤ ਦੇ ਪ੍ਰਭਾਵ ਦਾ ਸਮਰਥਨ ਸੰਗੀਤਕਾਰ ਹੀ ਨਹੀਂ ਸਗੋਂ ਸਾਹਿਤਕਾਰ ਵੀ ਕਰਦੇ ਹਨ। ਡਾਕਟਰ ਹਰਿਭਜਨ ਸਿੰਘ ਲਿਖਦੇ ਹਨ, *"ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸੰਗੀਤ ਕਾਵਿ ਰਚਨਾ ਦੇ ਪਰਭਾਵ ਨੂੰ ਤੀਖਣ ਕਰਦਾ ਹੈ।"*

ਸੰਗੀਤ ਵਿੱਚ ਸੁਰ ਪ੍ਰਧਾਨ ਹੈ ਅਤੇ ਕਾਵਿ ਵਿੱਚ ਸ਼ਬਦ ਪ੍ਰਧਾਨ, ਪਰ ਸ਼੍ਰੇਸ਼ਟ ਕਾਵਿ ਵਿੱਚ ਗਾਇਨ ਦਾ ਵੀ ਘਟ ਉਪਯੋਗ ਨਹੀਂ। ਸੰਗੀਤ ਭਾਵੇਂ ਸੁਤੰਤਰ ਕਲਾ ਹੈ, ਪਰ ਕਵਿਤਾ ਵਿੱਚ ਉਹ ਸ਼ਬਦ ਨਾਲ ਮਿਲਕੇ ਹੀ ਸਾਰਥਕ ਹੁੰਦੀ ਹੁ। ਪ੍ਰਾਚੀਨ ਵਿਦਵਾਨਾਂ ਨੇ ਗੀਤ, ਨ੍ਰਿਤ ਅਤੇ ਵਾਦਨ ਨੂੰ ਸੰਗੀਤ ਵਿੱਚ ਹੀ ਸ਼ਾਮਲ ਕੀਤਾ ਹੈ ਕਿਉਂਕਿ ਤਿੰਨਾਂ ਦਾ ਮੂਲ ਅਧਾਰ ਗਤੀ ਹੈ। ਇਹੋ ਗਤੀ ਛੰਦ ਪਦਤੀ ਰਾਹੀਂ ਪ੍ਰਗਟ ਹੁੰਦੀ ਹੈ। ਸੰਗੀਤ ਕੇਵਲ ਕਵਿਤਾ ਨੂੰ ਹੀ ਪ੍ਰਭਾਵਸ਼ਾਲੀ ਨਹੀਂ ਬਣਾਉਂਦਾ ਸਗੋਂ ਆਮ ਗੱਲਬਾਤ ਵਿੱਚ ਵੀ ਸੰਗੀਤਕ ਤੱਤਾਂ ਦੇ ਪ੍ਰਯੋਗ ਕਰਕੇ ਉਸਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਇਆ ਜਾਂਦਾ ਹੈ। ਲਲਿਤ ਕਿਸ਼ੋਰ ਸਿੰਘ ਲਿਖਦੇ ਹਨ, *"ਅੱਜ ਵੀ ਇਹ ਵੇਖਿਆ ਜਾਂਦਾ ਹੈ ਕਿ ਜਦੋਂ ਕਿਸੇ ਵਿਚਾਰ ਨੂੰ ਭਾਵ ਭਰਪੂਰ ਕਰਨਾ ਹੁੰਦਾ ਹੈ ਤਾਂ ਵਕਤਾ ਇੱਕ ਸੁਰ ਦੀ ਥਾਂ ਕਈ ਸੁਰਾਂ ਦੀ ਅਰੋਹੀ ਅਵਰੋਹੀ ਜਾਂ ਲੈਅ ਤੋਂ ਕੰਮ ਲੈਂਦਾ ਹੈ ਅਰਥਾਤ ਸਾਰਥਕ ਵਾਕਾਂ ਵਿੱਚ ਸੰਗੀਤ ਦਾ ਪੁੱਟ ਪਾਉਂਦਾ ਹੈ।"* ਇਸ ਤਰ੍ਹਾਂ ਸੰਗੀਤ ਤੇ ਭਾਸ਼ਾ ਦੋਵੇਂ ਅੰਤਰ ਸੰਬੰਧਤ ਸਾਬਤ ਹੁੰਦੇ ਹਨ। ਇਸ ਬਾਰੇ ਭਗਵਤ ਸ਼ਰਨ ਉਪਾਧਿਆਇ ਦਾ ਇਹ ਕਥਨ ਵੀ ਵਰਣਨਯੋਗ ਹੈ, *"ਸੰਗੀਤ ਅਤੇ ਸਾਹਿਤ ਵਿੱਚ ਗੂੜਾ ਸੰਬੰਧ ਹੈ। ਸਾਹਿਤ ਸੰਗੀਤ ਨੂੰ ਬੋਲੀ ਦਿੰਦਾ ਹੈ। ਸੰਗੀਤ ਉਸ ਨੂੰ ਆਪਣੀ ਲੈਅ ਤੇ ਤਰੰਗਤ ਕਰਕੇ ਉਸਨੂੰ ਅਸੀਮ ਕਰ ਦਿੰਦਾ ਹੈ।"* ਇਸੇ ਲਈ ਡਾ: ਉਮਾ ਮਿਸ਼ਰ ਨੇ ਕਿਹਾ ਹੈ, *"ਕਵਿਤਾ ਜਦੋਂ ਤਕ ਗਾਈ ਨਹੀਂ ਜਾਂਦੀ ਉਦੋਂ ਤਕ ਉਹ ਆਪਣਾ ਪੂਰਾ ਪ੍ਰਭਾਵ ਨਹੀਂ ਪਾ ਸਕਦੀ ਅਤੇ ਸੰਗੀਤ ਵੀ ਜਦੋਂ ਤਕ ਗੀਤ ਦਾ ਸੰਗ ਨਹੀਂ ਮਾਣਦਾ ਉਦੋਂ ਤਕ ਪੂਰੀ ਤਰ੍ਹਾਂ ਪ੍ਰਭਾਵ ਪੈਦਾ ਕਰਨ ਦੇ ਕਾਬਲ ਨਹੀਂ ਹੋ ਸਕਦਾ।"*

ਜਿਸ ਸੰਗੀਤ ਕਲਾ ਵਿੱਚ ਇਤਨੀ ਸ਼ਕਤੀ ਹੈ ਕੁਦਰਤੀ ਸੀ ਕਿ ਗੁਰੂ ਨਾਨਕ ਦੇਵ ਜੀ ਇਸ ਦਾ ਉਪਯੋਗ ਕਰਦੇ। ਸੋ ਉਹਨਾਂ ਨੇ ਆਪਣੀ ਕਾਵਿ ਬਾਣੀ ਨੂੰ ਸੰਗੀਤ ਨਾਲ ਸੰਬੰਧਤ ਕਰਕੇ ਗਾਇਆ ਤੇ ਜੋ ਉਸਦਾ ਜੋ ਅਸਰ ਹੋਇਆ ਉਸ ਸੰਬਧੀ ਭਾਈ ਵੀਰ ਸਿੰਘ ਜੀ ਦਾ ਕਥਨ ਹੈ, *"ਜਦੋਂ ਸੁਣਨ ਵਾਲਿਆਂ ਦੇ ਮਨ ਨਾ ਪੰਘਰੇ ਯਾ ਬਹੁਤ ਪਥਰਾਈ ਕਾਰਨ ਜ਼ੋਰ ਲਾਉਂਦਿਆਂ ਬੀ ਪੰਘਰਨੋ ਅੜ ਪਲੋਤੇ ਤਾਂ ਰੰਗ ਰਤੜੇ ਦਾਤਾ ਗੁਰੂ ਜੀ ਨੇ ਆਪਣੇ ਅੰਦਰ ਦੀਆਂ ਡੂੰਘਾਈਆ ਵਿੱਚ ਗੋਤਾ ਲਾਇਆ ਅਤੇ ਰਤਨਾਂ ਜਵਾਹਰਾਂ ਮੋਤੀਆਂ ਨਾਲ ਡਲ੍ਹਡਲ੍ਹ ਪੈਂਦੇ ਅਰਸ਼ੀ ਸੁੰਦਰਤਾ*

*ਨਾਲ ਚਮਕਦੇ ਤੇ ਸੂਰਜ ਵਰਗੇ ਤੇਜ਼ ਨਾਲ ਚਮਕਦੇ ਬਾਹਰ ਨਿਕਲੇ। ਤੇਜ਼ ਦਾ ਅਸਰ ਚੁਫੇਰੇ ਪਾਇਆ ਤੇ ਸੰਗੀਤਕ ਲਹਿਰ ਵਿੱਚ ਆ ਕੇ ਉਹਨਾਂ ਦੇ ਇਲਾਹੀ ਗਲੇ ਤੋਂ ਛਿੜ ਪਿਆ ਇਲਾਹੀ ਨਾਦ। ਉਸ ਤੇਜ ਨਾਲ ਉਸ ਸੰਗੀਤ ਲਹਿਰਾਉਂਦੀ ਛੁਹ ਨਾਲ ਉਹ ਪੰਘਰੇ ਮਨ ਦ੍ਰਵ ਕੇ ਵਹਿ ਕੇ ਤੁਰੇ ਤੇ ਵਹਿ ਜਾ ਕੇ ਮਿਲੇ :*

*ਓਰਾ ਗਰਿ ਪਾਨੀ ਭਇਆ ਜਾਇ ਮਿਲਿਓ ਢਲਿ ਕੂਲਿ।।"*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1374)*

ਐਸੇ ਚਮਤਕਾਰੀ ਕੀਰਤਨ ਨੂੰ ਗੁਰੂ ਸਾਹਿਬ ਨੇ ਹਰ ਇੱਕ ਘਰ ਦੇ ਰੋਜ਼ਾਨਾ ਦੇ ਜੀਵਨ ਵਿੱਚ ਸ਼ਾਮਲ ਕਰ ਦਿੱਤਾ। ਇਸੇ ਲਈ ਭਾਈ ਗੁਰਦਾਸ ਜੀ ਨੇ ਉਚਾਰਿਆ–

*ਘਰਿ ਘਰਿ ਅੰਦਰਿ ਧਰਮਸਾਲ*
*ਹੋਵੈ ਕੀਰਤਨੁ ਸਦਾ ਵਿਸੋਆ। (ਵਾਰ 1, ਪਉੜੀ 26/6)*

ਗੁਰਮਤਿ ਵਿੱਚ ਗ੍ਰਹਿਸਤੀ ਦਾ ਗੁਰਦੁਆਰੇ ਜਾ ਕੇ ਸਤਸੰਗ ਕਰਨਾ ਜ਼ਰੂਰੀ ਦੱਸਿਆ ਹੈ। ਭਾਈ ਗੁਰਦਾਸ ਜੀ ਇਸੇ ਕਰਕੇ ਗੁਰਦਆਰੇ ਅਰਥਾਤ ਧਰਮਸਾਲ ਅਤੇ ਗੁਰਸਿੱਖ ਦੀ ਮਹਿਮਾ ਕਰਦੇ ਲਿਖਦੇ ਹਨ–

*ਧਰਮਸਾਲ ਹੈ ਮਾਨਸਰੁ, ਹੰਸ ਗੁਰਸਿਖ ਵਾਹੁ।*
*ਰਤਨ ਪਦਾਰਥ ਗੁਰ ਸਬਦੁ ਕਰਿ ਕੀਰਤਨੁ ਖਾਹੁ। (ਵਾਰ 9, ਪਉੜੀ 14)*

ਗ੍ਰਹਿਸਥੀ ਗੁਰਸਿੱਖ ਲਈ ਕੀਰਤਨ ਵੀ ਇੱਕ ਆਹਰ ਹੈ। ਜਿਵੇਂ ਭੋਜਨ ਪਦਾਰਥ ਸਰੀਰ ਲਈ ਖੁਰਾਕ ਹਨ ਇਸੇ ਤਰ੍ਹਾਂ ਕੀਰਤਨ ਵੀ ਰੂਹ ਲਈ ਅਮੁਲੀ ਖੁਰਾਕ ਹੈ। ਇਸੇ ਲਈ ਗੁਰੂ ਗ੍ਰੰਥ ਸਾਹਿਬ ਵਿੱਚ ਸਿੱਖ ਦੇ ਰੋਜ਼ਾਨਾ ਜੀਵਨ ਵਿੱਚ ਗੁਰਬਾਣੀ ਗਾਇਨ ਨੂੰ ਇੱਕ ਨਿਤਨੇਮ ਵਜੋਂ ਸ਼ਾਮਲ ਕੀਤਾ ਹੈ–

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ।।*
*ਫਿਰ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮ ਧਿਆਵੈ।।*

*(ਗੁਰੂ ਗ੍ਰੰਥ ਸਾਹਿਬ, ਪੰਨਾ 305)*

ਗੁਰਬਾਣੀ ਅਨੁਸਾਰ ਉਸ ਦੇ ਘਰ ਵਿੱਚ ਖੁਸ਼ੀ ਦਾ ਵਾਸ ਹੁੰਦਾ ਹੈ ਜਿਸ ਦੇ ਘਰ ਵਿੱਚ ਕੀਰਤਨ ਹੁੰਦਾ ਹੈ–

*ਗ੍ਰਿਹਿ ਤਾ ਕੇ ਬਸੰਤੁ ਗਨੀ।।*
*ਜਾ ਕੇ ਕੀਰਤਨੁ ਹਰਿ ਧੁਨੀ।।*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1180)*

ਅਤੇ ਗੁਰੂ ਸਾਹਿਬ ਉਸ ਗ੍ਰਹਿਸਤੀ ਨੂੰ ਨਿਰਬਾਨ ਪਦ ਦਾ ਧਾਰਨੀ ਦਸਦੇ ਹਨ ਜਿਸ ਦੇ ਘਰ ਵਿੱਚ ਕੀਰਤਨ ਹੁੰਦਾ ਹੈ–

*ਅਨਦਿਨ ਕੀਰਤਨੁ ਕੇਵਲ ਬਖਾਨ।।*
*ਗ੍ਰਿਹਸਤ ਮਹਿ ਸੋਈ ਨਿਰਬਾਨ।। (ਗਉੜੀ ਸੁਖਮਨੀ, ਮਹਲਾ 5, ਪੰਨਾ )*

ਗੁਰਮਤਿ ਸਾਹਿਤ ਵਿੱਚ ਗੁਰੂ ਸਾਹਬਿਾਨ ਵੱਲੋ ਗ੍ਰਹਿਸਤ ਜੀਵਨ ਵਿੱਚ ਕੀਰਤਨ ਦੀ ਮਹੱਤਤਾ ਦਰਸਾਉਣ ਲਈ ਅਨੇਕਾਂ ਹਵਾਲੇ ਪ੍ਰਾਪਤ ਹੁੰਦੇ ਹਨ।

ਗੁਰੂ ਨਾਨਕ ਦੇਵ ਜੀ ਜਦੋਂ ਸੁਲਤਾਨ ਪੁਰ ਮੋਦੀ ਖਾਨੇ ਵਿੱਚ ਨੌਕਰੀ ਕਰਦੇ ਸਨ ਤਾਂ ਉਹ ਸਵੇਰ ਸ਼ਾਮ ਕੀਰਤਨ ਜ਼ਰੂਰ ਕਰਦੇ ਸਨ। ਵਲਾਇਤ ਵਾਲੀ ਜਨਮ ਸਾਖੀ ਅਨੁਸਾਰ–*ਜੋ ਕਿਛੁ ਅਲੂਫਾ ਗੁਰੂ ਜੋਗ ਮਿਲੇ ਸੋ ਖਾਵੈ, ਹੋਰ ਪਰਮੇਸਰ ਦੇ ਅਰਥ ਦੇਵੇ ਅਤੇ ਨਿਤਾ ਪ੍ਰਤੀ ਰਾਤ ਕਉ ਕੀਰਤਨ ਹੋਵੈ।*

ਮਿਹਰਬਾਨ ਵਾਲੀ ਜਨਮ ਸਾਖੀ ਵਿੱਚ ਵੀ ਰਾਤ ਦਿਨ ਕੀਰਤਨ ਕਰਨ ਦਾ ਜ਼ਿਕਰ ਹੋਇਆ ਹੈ–

*ਆਪ ਬਾਬਾ ਨਾਨਕੁ ਜੀ ਰਾਤਿ ਕੈ ਸਮੇ ਕੀਰਤਨ ਕਰੈ ਕਰਾਇ ਅਰੁ ਪਿਛਲੀ ਰਾਤਿ ਨਾਵਣਿ ਜਾਇ। ਨਾਇ ਕਰਿ ਕਰਿ ਆਇ ਉਪਰਿ ਸਿਮਰਨੁ ਕੀਰਤਨੁ ਕਰੈ।*

ਕੀਰਤਨ ਗੁਰੂ ਨਾਨਕ ਦੇਵ ਜੀ ਦਾ ਨਿਤ ਨੇਮ ਅਤੇ ਜੀਵਨ ਦਾ ਅਟੁੱਟ ਅੰਗ ਸੀ ਉਹ ਕੀਰਤਨ ਤੋਂ ਬਿਨਾਂ ਰੋਟੀ ਵੀ ਨਹੀਂ ਖਾਂਦੇ। ਜਨਮ ਸਾਖੀ ਵਿੱਚ ਇੱਕ ਰਾਤ ਦਾ ਜ਼ਿਕਰ ਕਰਦਿਆਂ ਬੜਾ ਵਧੀਆ ਲਿਖਿਆ ਹੈ–

*ਤਬ ਰਸੋਈਏ ਕਹਿਆ ਜਿ, ਬਾਬਾ ਨਾਨਕੁ ਜੀ। ਰਸੋਈ ਬਡੀ ਬੇਰ ਕੀ ਹੋਈ ਪੜੀ ਹੈ, ਤੂ ਉਠਿ ਕਪੜੇ ਉਤਾਰਹੁ, ਪਰਸਾਦੁ ਲੇਹੁ। ਤਬ ਗੁਰੂ ਬਾਬੇ ਨਾਨਕ ਕਹਿਆ ਜੇ, ਸੁਆਮੀ ਜੀ ਪਰਸਾਦੁ ਤਉ ਜੇਮੀਐਗਾ, ਪਣੁ*

*ਕੀਰਤਨੁ ਨਾਹੀ ਕੀਤਾ। ਕਹੈ ਜੀ, ਸਵੇਰੇ ਆਈ ਦਾ ਤਾਂ ਜੇਵਿ ਕਰਿ, ਸਵੇਰੇ ਐਤੁ ਵਖਤਿ ਕੀਰਤਨ ਕਰਿ ਸਵੀਦਾ, ਹੁਣੁ ਜੇਵਿ ਕਰਿ ਸੰਵਿ ਰਹੀਐ। ਤਬਿ ਗੁਰੂ ਬਾਬੇ ਨਾਨਕ ਜੀ ਕਹਿਆ ਜਿ, ਗੈਰ ਸਾਲ ਗਲ ਆਖੀਆ, ਸੰਵੀਐ ਕਿਉ ਕਰਿ? ਜੇਵਿ ਕਰਿ ਕੀਰਤਨੁ ਕਰੀਐ।*

ਗੁਰੂ ਨਾਨਕ ਦੇਵ ਜੀ ਨੇ ਕੀਰਤਨ ਕਰਨ ਦੀ ਇਹ ਰੀਤ ਸਦਾ ਕਾਇਮ ਰੱਖੀ ਉਦਾਸੀਆਂ ਤੋਂ ਬਾਦ ਜਦੋਂ ਕਰਤਾਰ ਪੁਰ ਵਸਾਇਆ ਤਾਂ ਉਥੇ ਵੀ ਸਵੇਰ ਸ਼ਾਮ ਕੀਰਤਨ ਹੁੰਦਾ ਸੀ। ਗਿਆਨ ਰਤਨਾਵਲੀ ਵਿੱਚ ਲਿਖਿਆ ਹੈ–

*ਕਰਤਾਰ ਪੁਰ ਵਿੱਚ ਅੰਮ੍ਰਿਤ ਵੇਲੇ ਸਵਾ ਪਹਿਰ ਦਿਨ ਚੜ੍ਹਦਿਆਂ ਤੀਕਰ ਬਾਣੀ ਦੀ ਚਰਚਾ ਹੋਵੇ, ਉਪਰੰਤ ਕੀਰਤਨ ਹੋਵੇ, ਫੇਰ ਆਰਤੀ ਪੜ੍ਹੀਏ, ਤੀਸਰੇ ਪਹਿਰ ਕੀਰਤਨ ਕਰੀਏ, ਸੰਧਿਆ ਨੂੰ ਰਹਿਰਾਸ ਪੜ੍ਹੀਏ, ਫੇਰ ਕੀਰਤਨ ਗਾਵੀਏ ਅਤੇ ਪਹਿਰ ਰਾਤ ਗਈ ਸੋਹਿਲਾ ਪੜ੍ਹੀਏ ਅਰ ਫੇਰ ਪਿਛਲੀ ਰਾਤ ਜਪੁ ਪੜ੍ਹੀਏ ਅਰ ਆਸਾ ਦੀ ਵਾਰ ਪੜ੍ਹੀਏ। (ਗੁਰਮਤ ਮਾਰਤੰਡ, ਪੰਨਾ 641)*

ਗੁਰੂ ਸਾਹਿਬ ਦੇ ਦੋ ਗ੍ਰਹਿਸਤੀ ਸਿੱਖਾਂ ਨਾਲ ਕੀਰਤਨ ਸਬੰਧੀ ਕੀਤੀ ਚਰਚਾ ਮਿਲਦੀ ਹੈ– ਸਿੱਖਾਂ ਦੀ ਭਗਤਮਾਲਾ ਵਿਚ ਮਾਲੋ ਅਤੇ ਮਾਂਗਾ ਦੋ ਸਿੱਖਾਂ ਦੀ ਸਾਖੀ ਵਿਚ ਬਾਕੀ ਕਰਮਾਂ ਦੇ ਮੁਕਾਬਲੇ ਤੇ ਕੀਰਤਨ ਫਲ ਦੀ ਮਹਿਮਾਂ ਨੂੰ ਬੜੇ ਸੁੰਦਰ ਦ੍ਰਿਸ਼ਟਾਂਤਾਂ ਨਾਲ ਵਾਰਤਲਾਪ ਰੂਪ ਵਿਚ ਇਉਂ ਦਰਸਾਇਆ ਗਿਆ ਹੈ:

*–ਤੁਸਾਂ ਬਚਨ ਕੀਤਾ ਹੈ ਜੇ ਕਰਮ ਸੁਗਮ ਹੈ ਕਥਾ ਕੀਰਤਨ, ਤੇ ਫਲੁ ਵਡਾ ਹੈ, ਏਹ ਅਸਾਡੇ ਸਮਝ ਵਿਚ ਕੈਸੇ ਆਵੇ? ਬਚਨ ਹੋਇਆ ਜੋ ਲਕੜਹਾਰੇ ਲੱਕੜੀਆਂ ਲਿਆਂਦੇ ਹੈਨਿ ਤੇ ਪਾਂਡੀ ਪੰਡਾਂ ਲਿਆਵੰਦੇ ਹੈਨ, ਸੋ ਮਜੂਰੀ ਵੱਡੀ ਕਰਦੇ ਹੈਨਿ ਤੇ ਨਫਾ ਥੋੜ੍ਹਾ ਹੁੰਦਾ ਹੈ ਤੇ ਜੋ ਲੂਣ ਅੰਨ ਦੀ ਹੱਟੀ ਕਰਦੇ ਹੈਨਿ, ਮਜੂਰੀ ਓਨ੍ਹਾਂ ਦੀ ਥੋੜੀ ਹੁੰਦੀ ਹੈ ਤੇ ਨਫਾ ਵਧੀਕ ਹੁੰਦਾ ਹੈ ਤੇ ਸਰਾਫ ਤੇ ਬਜਾਜ ਓਨ੍ਹਾਂ ਥੀਂ ਭੀ ਮਜੂਰੀ ਘਟ ਕਰਦੇ ਹੈਨਿ, ਭੂਖਣਾ ਤੇ ਰੁਪਯਾਂ ਦਾ ਸੌਦਾ ਕਰਦੇ ਹੈਨ ਤੇ ਨਫਾ ਬਹੁਤ ਹੁੰਦਾ ਹੈ ਤੇ ਜਵਾਹਰੀ ਹੀਰੇ ਮੋਤੀ ਦਾ ਸੌਦਾ ਕਰਦੇ ਹੈਨਿ ਤੇ ਸੁਖ ਨਾਲਿ ਬੈਠੇ ਰਹਿੰਦੇ ਹਨ, ਪਰ ਨਫਾ ਬਹੁਤ ਉਨ੍ਹਾਂ ਨੂੰ ਹੁੰਦਾ ਹੈ। ਤੇ ਜੋ ਉਨ੍ਹਾਂ ਦੀ ਸੇਵਾ ਕਰਦਾ ਹੈ ਸੋ ਭੀ ਮੋਤੀ ਹੀਰੇ ਦੀ ਪਰਖ ਸਿਖਦਾ ਹੈ। ਤੈਸੇ ਹੋਰ ਜੋ ਤਪ ਹੈਨਿ, ਸੋ ਸਰੀਰ ਉਪਰ ਕਸ਼ਟ ਹੁੰਦਾ ਹੈ, ਤੇ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ ਕਥਾ ਕੀਰਤਨ ਦੇ ਪੜ੍ਹਨ ਸੁਣਨ ਕਰ ਪ੍ਰਿਥਮੈ ਤਾਂ ਉਪਾਸਨਾ ਦ੍ਰਿੜ ਹੁੰਦੀ ਹੈ, ਪਿੱਛੋਂ ਇਸ ਦੇ ਵਿਚੋਂ ਗਿਆਨ ਪ੍ਰਾਪਤ ਹੋ ਜਾਂਦਾ ਹੈ ਤਾਂ ਤੇ ਇਹ ਸਾਂਤਕੀ ਤਪ ਹੈ ਨਫਾ ਬਹੁਤ ਹੈ ਤਾਂ ਏਹੁ ਬਚਨੁ ਸੁਣਕੇ ਭਾਈ ਮਾਲੋ ਪੋਥੀ ਗੁਰੂ ਕੀ ਬਾਣੀ ਦੀ ਕਥਾ ਕਰੇ ਤੇ ਭਾਈ ਮਾਂਗਾ ਸਨਮੁੱਖ ਬੈਠ ਕੇ ਸਭ ਇੰਦ੍ਰੀਆਂ ਤੇ ਮਨ ਨੂੰ ਸੰਕੋਚ ਕੈ ਸੁਣੈ, ਤੇ ਦੋਨੋ ਮਿਲ ਕੇ ਫੇਰ ਕੀਰਤਨ ਕਰਨਿ, ਤਾਂ ਓਨ੍ਹਾਂ ਦੀ ਰਸਨਾ ਥੀਂ ਐਸਾ ਸਭ ਸਿੱਖਾਂ ਨੂੰ ਰਸ ਆਵੈ ਕਿ ਜੋ ਕੋਈ ਸੁਣੇ, ਸਭ ਪਾਪਾਂ ਦਾ ਤਿਆਗੁ ਕਰਨਿ।*

ਸਿੱਖ ਸਮਾਜ ਦੀਆਂ ਲਗਭਗ ਸਾਰੀਆਂ ਰਸਮਾਂ ਰੀਤਾਂ ਵਿੱਚ ਕੀਰਤਨ ਦੀ ਮੁੱਖ ਭੂਮਿਕਾ ਹੁੰਦੀ ਹੈ। ਜਦੋਂ ਸਿੱਖ ਦੇ ਘਰ ਬੱਚਾ ਜਨਮ ਲੈਂਦਾ ਹੈ ਸਿੱਖ ਆਪਣੇ ਬੱਚੇ ਦੇ ਨਾਮ ਕਰਨ ਲਈ ਗੁਰੂ ਦੀ ਓਟ ਲੈਂਦਾ ਹੈ। ਆਮ ਤੌਰ ਤੇ ਘਰ ਵਿੱਚ ਖੁਸ਼ੀ ਮਨਾਈ ਜਾਂਦੀ ਹੈ ਤੇ ਸਮਾਗਮ ਕੀਤਾ ਜਾਂਦਾ ਹੈ। ਇਸ ਸਮਾਗਮ ਵਿੱਚ ਕੀਰਤਨ ਜ਼ਰੂਰ ਹੁੰਦਾ ਹੈ। ਕੀਰਤਨੀਏ ਕੀਰਤਨ ਕਰਦੇ ਹਨ। ਸਿਆਣੇ ਕੀਰਤਨੀਏ ਰਾਗ ਆਸਾ ਵਿੱਚ ਸ਼ਬਦ ਗਾਇਨ ਕਰਦੇ ਹਨ–

*ਸਤਿਗੁਰ ਸਾਚੈ ਦੀਆ ਭੇਜਿ।*
*ਚਿਰੁ ਜੀਵਨੁ ਉਪਜਿਆ ਸੰਜੋਗਿ।*
*(ਗੁਰੂ ਗ੍ਰੰਥ ਸਾਹਿਬ ਪੰਨਾ 396)*

ਰਾਗ ਗੂਜਰੀ ਵਿੱਚ ਹੇਠ ਲਿਖਿਆ ਸ਼ਬਦ ਗਾਇਨ ਕੀਤਾ ਜਾਂਦਾ ਹੈ–

ਪੂਤਾ ਮਾਤਾ ਕੀ ਆਸੀਸ।।
ਨਿਮਖ ਨ ਬਿਸਰਉ ਤੁਮ ਕਉ ਹਰਿ ਹਰਿ ਸਦਾ ਭਜਉ ਜਗਦੀਸ।
(ਗੁਰੂ ਗ੍ਰੰਥ ਸਾਹਿਬ ਪੰਨਾ 496)

ਬੱਚਾ ਜਵਾਨ ਹੁੰਦਾ ਹੈ। ਉਸ ਦੇ ਵਿਆਹ ਦੀਆਂ ਤਿਆਰੀਆਂ ਕੀਤੀਆਂ ਜਾਂਦੀਆਂ ਹਨ। ਉਸ ਦੀ ਕੁੜਮਾਈ ਕੀਤੀ ਜਾਂਦੀ ਹੈ। ਸਮਾਗਮ ਹੁੰਦਾ ਹੈ ਕੀਰਤਨੀਏ ਹੋਰ ਸ਼ਬਦਾਂ ਦੇ ਨਾਲ ਨਾਲ ਇਹ ਸ਼ਬਦ ਵੀ ਗਾਇਨ ਕਰਦੇ ਹਨ–

ਸਤੁ ਸੰਤੋਖੁ ਕਰਿ ਭਾਉ
ਕੁੜਮੁ ਕੁੜਮਾਈ ਆਇਆ ਬਲਰਾਮ ਜੀਉ।
(ਗੁਰੂ ਗ੍ਰੰਥ ਸਾਹਿਬ ਪੰਨਾ 773)

ਵਿਆਹ ਦੀ ਰਸਮ ਤਾਂ ਗੁਰਮਤਿ ਸੰਗੀਤ ਤੋਂ ਬਿਨਾ ਸੋਚੀ ਵੀ ਨਹੀਂ ਜਾ ਸਕਦੀ। ਇਸ ਸਮੇਂ ਜਦੋਂ ਬਰਾਤ ਦਾ ਢੁਕਾਉ ਹੁੰਦਾ ਹੈ ਤਾਂ ਮਿਲਣੀ ਵੇਲੇ ਹੇਠ ਲਿਖਿਆ ਛੰਤ ਗਾਇਆ ਜਾਂਦਾ ਹੈ–

ਹਮ ਘਰਿ ਸਾਜਨ ਆਏ। ਸਾਚੈ ਮੇਲਿ ਮਿਲਾਏ।

(ਗੁਰੂ ਗ੍ਰੰਥ ਸਾਹਿਬ ਪੰਨਾ 764)

ਪਲਾ ਫੜਾਉਣ ਵੇਲੇ।

ਉਸਤਤਿ ਨਿੰਦਾ ਨਾਨਕ ਜੀ ਮੈ ਹਭ ਵਞਾਈ
ਛੋੜਿਆ ਹਭੁ ਕਿਛੁ ਤਿਆਗੀ।।
ਹਬੇ ਸਾਕ ਕੂੜਾਵੇ ਡਿਠੇ ਤਉ ਪਲੈ ਤੈਡੈ ਲਾਗੀ। (ਗੁਰੂ ਗ੍ਰੰਥ ਸਾਹਿਬ ਪੰਨਾ 763)

ਜਨਮ ਸਾਖੀ ਵਿੱਚ ਗੁਰੂ ਨਾਨਕ ਦੇਵ ਜੀ ਦੇ ਆਪਣੇ ਵਿਆਹ ਸਮੇਂ ਕਿਵੇਂ ਆਪ ਨੇ ਇਹਨਾਂ ਛੰਦਾਂ ਦਾ ਕੀਰਤਨ ਕੀਤਾ ਇਹ ਪ੍ਰਸੰਗ ਬੜੇ ਭਾਵ ਪੂਰਤ ਢੰਗ ਨਾਲ ਬਿਆਨ ਕੀਤਾ ਹੈ–

ਤਬ ਉਨਹੁ ਇਸਤ੍ਰੀਅਹ ਜਿ ਭਲੇ ਘਰਿ ਮਹਿ ਮਿਲਿ ਕਰਿ ਸੋਹਿਲੇ ਗਾਏ। ਤਬ ਗੁਰੂ ਬਾਬਾ ਨਾਨਕ ਉਹਨਾ ਕਾ ਰਾਗੁ ਸੁਨਿ ਕਰਿ ਖੁਸੀ ਭੈਆ ਜਿ, ਭਾਈ ਏ ਇਸਤ੍ਰੀਆਂ ਖੁਸੀ ਹੋਇ ਹੋਇ ਮਾਨੁਖ ਕੇ ਸੋਹਿਲੇ ਕਿਉ ਗਾਵਦੀਆਂ ਹੈਨਿ, ਮੈ ਆਪਨੇ ਲਾਲ ਕੇ ਸੋਹਿਲੇ ਕਿਉ ਨਾਹੀ ਗਾਵਤਾ, ਜਿਸ ਸਿਉ ਮੇਰੀ ਪ੍ਰੀਤ ਹੈ, ਤਬ ਗੁਰੂ ਨਾਨਕੁ ਜੀ ਪ੍ਰੇਮ ਪਰਮੇਸੁਰ ਕੇ ਸਾਥਿ ਬਾਨੀ ਬੋਲਿ ਉਠਾ ਸੂਹੀ ਰਾਗ ਮਹਿ ਸਿਫਤੀ ਛੰਤ, ਜਿ–

ਹਮ ਘਰ ਸਾਜਨ ਆਏ।
ਸਾਚੇ ਮੇਲ ਮਿਲਾਏ।

–ਤਬ ਇਸਤਰੀਅਹੁ ਤਣੀ ਛੁਹਾਈ। ਆਪਣਾ ਅਚਾਰ ਕੀਆ। ਤਬ ਸੂਹੀ ਰਾਗ ਮਹਿ ਗੁਰੂ ਬਾਬਾ ਨਾਨਕੁ ਜੀ ਬਾਣੀ ਬੋਲਿ ਉਠਾ–

ਆਵਹੁ ਸਜਣਾ ਹਉ ਦੇਖਾ ਦਰਸਨ ਤੇਰਾ ਰਾਮ।। ਸੂਹੀ ਛੰਤ ਮਹਲਾ 1, ਪੰਨਾ 764)

ਤਬ ਗੁਰੂ ਬਾਬੇ ਰਾਤਿ ਕੈ ਸਮਉ ਏਹੁ ਸਬਦੁ ਕੀਆ। ਅਰ ਇਸਨਾਨ ਕਰਿ ਕਰਿ ਪ੍ਰਾਤ ਸਮਉ ਜਨੇਤ ਮਹਿ ਆਇ ਬੈਠਾ । ਅਲਾਪ ਕਰਿ ਰਾਗੁ ਮੰਦਰੀ ਬਿਲਾਵਲੁ ਅਰੁ ਪੀਛੈ ਤੇ ਅਲਾਪਿ ਕਰਿ ਰਬਾਬੀ ਜਾਜਕ ਕੀਰਤਨੁ ਗਾਵਹਿ ਅਰ ਆਗੈ ਗੁਰੂ ਬਾਬਾ ਨਾਨਕ ਜੀ ਗਾਵੈ। ਪਰ ਜਿਨਹੁ ਗੁਰੂ ਬਾਬਾ ਨਾਨਕ ਜੀ ਗਾਵਤਾ ਸੁਣਿਆ ਤੇ ਸਦੇਹਹ ਪਰਮਗਤਿ ਗਏ। ਜਿਨੁ ਸੁਣਿਆ ਦੇਖਿਆ, ਜਿਨੁ ਗੁਰੂ ਬਾਬੇ ਕਾ ਸਬਦੁ ਬਿਰਾਨੇ ਮੁਖਿ ਤੇ ਸੁਣਿਆ ਤੇ ਭੀ ਮੁਕਤੇ ਭਏ।

ਅਨੰਦ ਕਾਰਜ ਦੀ ਰਸਮ ਸਮੇਂ ਰਾਗ ਸੂਹੀ ਵਿੱਚ ਦਰਜ ਲਾਵਾਂ ਦਾ ਗਾਇਨ ਅਤੇ ਉਪਰੰਤ ਰਾਮਕਲੀ ਰਾਗ ਵਿੱਚ ਦਰਜ ਆਨੰਦ ਸਾਹਿਬ ਦਾ ਕੀਰਤਨ ਹੁੰਦਾ ਹੈ। ਗੁਰੂ ਅਮਰ ਦਾਸ ਜੀ ਦੇ ਪੋਤਰੇ ਅਰਥਾਤ ਮੋਹਰੀ ਜੀ ਦੇ ਪੁੱਤਰ ਅਨੰਦ ਦੇ ਜਨਮ ਸਮੇਂ ਗੁਰੂ ਅਮਦਾਸ ਜੀ ਨੇ ਅਨੰਦ ਬਾਣੀ ਦੀ ਰਚਨਾ ਕੀਤੀ ਅਤੇ ਇਸ ਬਾਣੀ ਨੂੰ ਉੱਚੀ ਉੱਚੀ ਗਾਉਣ ਦੇ ਆਦੇਸ਼ ਦਿੱਤੇ। ਮਹਿਮਾ ਪ੍ਰਕਾਸ਼ ਵਿੱਚ ਇਸ ਪ੍ਰਸੰਗ ਨੂੰ ਵਿਸਥਾਰ ਸਹਿਤ ਲਿਖਿਆ ਹੈ। ਅਨੰਦ ਬਾਣੀ ਦੇ ਗਾਇਨ ਕਰਨ ਬਾਰੇ ਆਦੇਸ਼ ਇਸ ਪ੍ਰਕਾਰ ਹਨ–

ਦੇ ਮਾਤਾ ਕੋ ਬਲੂ ਆਇਆ।
ਸਤਗੁਰ ਤਿਸ ਯਹ ਬਚਨ ਸੁਨਾਇਆ।
ਯਹ ਅਨੰਦ ਬਾਨੀ ਮੈ ਕੀਆ।
ਮੰਗਲ ਮੂਲ ਵਾਕ ਪ੍ਰਗਟੀਆ।
ਤੁਮ ਕੋਠੇ ਪਰ ਚੜ ਗਾਵੋ ਤਾਹਿ।
ਅਰੁ ਲੇ ਢੋਲਕ ਸੰਗ ਬਜਾਇ।
ਜੇ ਕੋਈ ਅਬ ਯਹ ਧੁਨ ਸੁਨੇ।
ਹੋਇ ਪਾਰੰਗਦ ਕਿਲਬਿਖ ਹਨੇ।
ਦੋਹਰਾ– ਸਭ ਕਾਰਜ ਯਾ ਤੇ ਸਿਧ ਹੋਇ ਜੋ ਪੜੇ ਕਰ ਪ੍ਰੇਮ ਪ੍ਰਤੀਤ।
ਮੰਗਲ ਮੂਲ ਬਾਨੀ ਬਨੀ ਸੁਖ੍ਦਾਇਕ ਭਗਤ ਬਿਨੀਤ।

ਚੋਪਈ–ਬਲੂ ਚੜ ਕੋਠੇ ਪਰ ਗਾਇਆ।
ਢੋਲਕ ਬਜਾਇ ਸੰਗ ਸਬਦ ਸੁਹਾਇਆ।

ਤਿਸ ਸਮੇ ਸੁਨਾ ਜਿਨ ਆਨੰਦ ਬਾਣੀ।
ਪਾਇ ਭਗਤਿ ਤਿਨ ਪਦ ਨਿਰਬਾਣੀ।।

ਇਸੇ ਦੇ ਨਾਲ ਨਾਲ– ਵਿਆਹ ਹੋਆ ਮੇਰੇ ਬਾਬੁਲਾ ਗੁਰਮਖੇ ਹਰਿ ਪਾਇਆ– ਅਤੇ – ਪੂਰੀ ਆਸਾ ਜੀ ਮਨਸਾ ਮੇਰੇ ਰਾਮ। ਸ਼ਬਦਾਂ ਦਾ ਗਾਇਨ ਹੁੰਦਾ ਹੈ।
ਜਦੋਂ ਪ੍ਰਾਣੀ ਅਕਾਲ ਚਲਾਣਾ ਕਰਦਾ ਹੈ। ਵੈਰਾਗ ਮਈ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ ਹੈ।
ਰਾਮਕਲੀ ਸਦ ਵਿੱਚ ਗੁਰੂ ਅਮਰ ਦਾਸ ਜੀ ਦਾ ਬਚਨ ਹੈ–
ਅੰਤੇ ਸਤਿਗੁਰੁ ਬੋਲਿਆ
ਮੈ ਪਿਛੇ ਕੀਰਤਨੁ ਕਰਿਅਹੁ ਨਿਰਬਾਣੁ ਜੀਉ।। (ਗੁਰੂ ਗ੍ਰੰਥ ਸਾਹਿਬ ਪੰਨਾ 923)
ਭਾਈ ਕਾਹਨ ਸਿੰਘ ਨਾਭਾ ਅਕਾਲ ਚਲਾਣੇ ਦੀ ਮਰਯਾਦਾ ਬਿਆਨ ਕਰਦਿਆਂ ਲਿਖਦੇ ਹਨ–
ਮ੍ਰਿਤ ਸ਼ਰੀਰ ਨੂੰ ਸਨਾਨ ਕਰਾ ਕੇ ਨਿਰਮਲ ਵਸਤ੍ਰਾਂ ਨਾਲ ਢੱਕ ਕੇ ਤਖਤੇ, ਸੰਦੂਕ ਆਦਿ ਵਿੱਚ ਰੱਖ ਕੇ ਕੰਧਿਆਂ ਜਾਂ ਗੱਡੀ ਆਦਿ ਤੇ ਸੰਸਕਾਰ ਦੇ ਥਾਂ ਲੈ ਜਾਇਆ ਜਾਵੇ ਰਾਗੀ ਅਥਵਾ ਪ੍ਰੇਮੀ ਸਿੱਖ ਮਿਲ ਕੇ ਵੈਰਾਗਮਈ ਸ਼ਬਦਾਂ ਦਾ ਕੀਰਤਨ ਕਰਨ। (ਗੁਰਮਤ ਮਾਰਤੰਡ ਪੰਨਾ 467)
ਰਹਿਤਨਾਮਾ ਭਾਈ ਚੌਂਪਾ ਸਿੰਘ ਵਿੱਚ ਲਿਖਿਆ ਹੈ ਪ੍ਰਾਣੀ ਕਾ ਸ਼ਰੀਰ ਅੰਤ ਹੋਵੇ ਤਾਂ ਕੀਰਤਨ ਕਰਾਵੇ। (ਗੁਰਮਤ ਮਾਰਤੰਡ ਪੰਨਾ 478)
ਗੁਰ ਬਿਲਾਸ ਪਾਤਸ਼ਾਹੀ 10 ਦੇ ਅਧਿਆਇ 29) ਵਿੱਚ ਗੁਰੂ ਸਾਹਿਬ ਦੇ ਮੁਖ ਤੋਂ ਉਚਾਰਨ ਕਰਵਾਇਆ ਗਿਆ ਹੈ–
ਸਵਾਂਗ ਸਵਾਰੀ ਕਾ ਪ੍ਰਭ ਧਾਰਯੋ।
ਸਭ ਖਾਲਿਸ ਕੋ ਵਚਨ ਉਚਾਰਯੋ।
ਜਯੋਂ ਥਾ ਹੁਕਮ ਤਿਵੇਂ ਸਾ ਹੋਨਾ।
ਹਮ ਕੋ ਸ਼ਾਦੀ ਕਿਸੂ ਨ ਰੋਨਾ।
ਜੋ ਹਮ ਕੋ ਰੋਵੈਗਾ ਕੋਈ।
ਈਤ ਊਤ ਕੋ ਦੁਖ ਹੋਈ।
ਕੀਰਤਨ ਕਥਾ ਸੁ ਗਾਵਹੁ ਬਾਨੀ।
ਇਹੈ ਮੋਹ ਸਿਖੱਯਾ ਸੁਨ ਕਾਨੀ। ( ਗੁਰਮਤ ਮਾਰਤੰਡ ਪੰਨਾ 479)
ਗੁਰ ਪ੍ਰਤਾਪ ਸੂਰਜ ਰੁਤ 3, ਅਧਿਆਇ 40 ਵਿੱਚ ਲਿਖਿਆ ਹੈ।
ਮਰੇ ਸਿੱਖ ਤੇ ਕਰੇ ਕੜਾਹ।
ਤਿਸੁ ਕੁਟੰਬ ਰੁਦਨੈ ਬਹੁ ਨਾਹ।
ਤਜੈ ਸ਼ੋਕ ਸਭ ਅਨਦ ਬਢਾਇ।
ਨਹਿੰ ਪੀਟਹਿੰ ਤ੍ਰਿਯ ਤਿਲ ਸਮੁਦਾਇ।
ਪਢੈਂ ਸ਼ਬਦ ਕੀਰਤਨ ਕੋ ਕਰੈਂ।
ਸੁਨੈਂ ਬੈਠ ਵੈਰਾਗ ਸੁ ਧਰੈਂ। (ਗੁਰਮਤ ਮਾਰਤੰਡ ਪੰਨਾ 479)
ਗੁਰੂ ਕਾਲ ਵਿੱਚ ਵੀ ਅਕਾਲ ਚਲਾਣੇ ਸਮੇਂ ਕੀਰਤਨ ਕਰਨ ਦੇ ਹਵਾਲੇ ਪ੍ਰਾਪਤ ਹੁੰਦੇ ਹਨ–

ਗੁਰੂ ਸਾਹਿਬਾਨ ਦੇ ਜੋਤੀ ਜੋਤਿ ਸਮਾਉਣ ਸਮੇਂ ਕੀਰਤਨ ਕਰਨ ਦਾ ਉਲੇਖ ਅਨੇਕ ਥਾਂਈ ਆਇਆ ਹੈ।

ਜਦੋਂ ਗੁਰੂ ਅੰਗਦ ਦੇਵ ਜੀ ਜੋਤੀ ਜੋਤ ਸਮਾਉਣ ਲੱਗੇ ਤਾਂ ਉਹਨਾਂ ਨੇ ਹੋਰ ਰਸਮਾਂ ਕਰਨ ਦੀ ਥਾਂ ਭਜਨ ਕੀਰਤਨ ਕਰਨ ਦੇ ਆਦੇਸ਼ ਦਿੱਤੇ–

ਹਮਰੇ ਕਾਜ ਕਛੂ ਨਹੀ ਕਰਨਾ।
ਨਹੀ ਕਰਨਾ ਕੋਊ ਜਗ ਆਚਰਨਾ।
ਦੇਹ ਸਿਸਕਾਰ ਅਗਨ ਮੋ ਕਰਨਾ।
ਕੀਰਤਨ ਭਜਨ ਤੋਖ ਚਿਤ ਧਰਨਾ।
ਅਖੰਡ ਕੀਰਤਨ ਸਭ ਮਿਲ ਕੀਓ।
ਜੈ ਜੈ ਕਾਰ ਜਗਤ ਮੈਂ ਭਇਓ।

ਜਦੋਂ ਗੁਰੂ ਰਾਮ ਦਾਸ ਜੀ ਜੋਤੀ ਜੋਤਿ ਸਮਾਏ ਤਾਂ ਉਥੇ ਕੀਰਤਨ ਹੋਇਆ:
ਅੜਿਲ– ਨਿਸ਼ਾ ਨਾਸ ਰਵਿ ਆਯੋ ਹਰਖ ਬਢਾਇਕੈ।
ਕੀਰਤਨ ਭਯੋ ਅਪਾਰ ਦੇਵ ਕਰ ਆਇਕੈ।–
ਦੋਹਰਾ– ਵਡਹੰਸ ਵਾਰ ਪ੍ਰਥਮੇ ਪੜ੍ਹੇ ਪੁਨ ਮਾਰੂ ਪੜ੍ਹ ਵਾਰ।।
ਰਾਗ ਰਬਾਬੀ ਅਧਕ ਰਹਿੰ ਕਰੈ ਸਰੁ ਬਿਸਤਾਰ।।

ਭਾਈ ਬੁੱਢਾ ਲਾਇ ਦੀਵਾਨ।
ਸੁਨਤ ਸ਼ਬਦ ਮਾਰੂ ਧਰ ਧਿਆਨ।।
ਦੋਹਿਰਾ– ਸਾਹਿਬ ਬੁੱਢੇ ਸੌਂ ਕਹਾ ਅਲਾਹਿਣੀ ਪੜ੍ਹੌਂ ਸੁਹਾਇ।
ਰਬਾਬੀ ਰਾਗ ਮਿਲਾਇਕੈ ਪੜ੍ਹੀ ਅਧਿਕ ਚਿਤ ਲਾਇ।
ਦੀਵਾਨ ਮਧ ਬੈਠੇ ਗੁਰ ਆਇ।
ਰਬਾਬੀ ਭੋਗ ਸ਼ਬਦ ਕਾ ਪਾਇ।
ਰਬਾਬੀ ਕੌ ਧਨ ਦੀਨ ਅਪਾਰਾ।
ਕੀਰਤਨ ਸੋਹਿਲਾ ਬਹੁਰ ਉਚਾਰਾ।
ਸੁਨ ਪੈੜਾਂ ਕੀਰਤਨ ਬਹੁ ਹੋਵੈ।
ਭਾਂਤ ਭਾਂਤ ਚੌਕੀ ਦੁਖ ਖੋਵੈ।

ਬਾਬਾ ਬੁੱਢਾ ਜੀ ਦੇ ਦੇਹਾਂਤ ਤੋਂ ਬਾਦ ਜੋ ਰਸਮਾਂ ਹੋਈਆਂ ਉਹਨਾਂ ਵਿੱਚ ਕੀਰਤਨ ਪ੍ਰਮੁਖ ਸੀ–
ਹਰਿਗੁਬਿੰਦ ਗੁਰੁ ਤਬ ਇਹ ਕੀਨੋ।
ਰਾਗੀ ਬੋਲ ਨਿਕਟ ਤਬ ਲੀਨੋ।
ਸ੍ਰੀ ਮੁਖ ਕਹਾ ਸਬਦ ਤੁਮ ਗਾਵੇ।
ਪ੍ਰਿਥਮ ਵਾਰ ਆਸਾ ਕੀ ਲਾਵੋ।
ਗਾਵਤ ਮਾਰੂ ਸਬਦ ਅਪਾਰਾ।
ਰਾਗੀ ਭੋਗ ਸਬਦ ਕਾ ਪਾਯੋ।
ਸ੍ਰੀ ਗੁਰੁ ਤਿਨ ਕੌ ਐਸ ਅਲਾਯੋ।
ਦੋਹਿਰ੍– ਮਾਰੂ ਡਖਣੇ ਵਾਰ ਕੋ ਅਬ ਗਾਵੋ ਸੁਰ ਊਚ।।
ਸਿੱਖ ਸੰਗਤਿ ਆਈ ਘਨੀ ਭਈ ਭੀਰ ਅਤਿ ਮੂਚ।
ਉਪਰੋਕਤ ਚਰਚਾ ਤੋਂ ਸਪਸ਼ਟ ਹੈ ਕਿ ਗੁਰਮਤਿ ਸੰਗੀਤ ਸਿੱਖ ਗ੍ਰਹਿਸਤ ਜੀਵਨ ਦਾ ਇੱਕ ਅਟੁਟ ਅੰਗ ਹੈ।

# ਭਾਈ ਦਿਲਬਾਗ਼ ਸਿੰਘ ਗੁਲਬਾਗ਼ ਸਿੰਘ

ਸੁਭਾਸ਼ ਪਰਿਹਾਰ

ਹੁਣੇ ਹੁਣੇ, ਅਮਰੀਕਾ ਤੋਂ ਅਣਪਛਾਤੇ ਨੰਬਰ ਤੋਂ ਫ਼ੋਨ ਆਇਆ, ਚੁੱਕਿਆ ਤਾਂ ਕਿਸੇ ਬਜ਼ੁਰਗ ਦੀ ਮੁਸ਼ਕਿਲ ਨਾਲ ਗਲ਼ੇ 'ਚੋਂ ਨਿਕਲਦੀ ਆਵਾਜ਼ ਆਈ। ਫ਼ੋਨ ਭਾਈ ਗੁਲਬਾਗ਼ ਸਿੰਘ ਜੀ ਦਾ ਸੀ। ਹਾਂ ਜੀ, ਭਾਈ ਦਿਲਬਾਗ਼ ਸਿੰਘ ਗੁਲਬਾਗ਼ ਸਿੰਘ ਦੀ ਕੀਰਤਨੀ ਜੋੜੀ ਵਾਲੇ ਭਾਈ ਗੁਲਬਾਗ਼ ਸਿੰਘ। ਇਸੇ ਫ਼ਰਵਰੀ ਵਿਚ ਜਦ ਭਾਈ ਦਿਲਬਾਗ਼ ਸਿੰਘ ਜੀ ਹੋਰਾਂ ਦੀ ਬਰਸੀ ਦੇ ਮੌਕੇ 'ਤੇ ਉਨ੍ਹਾਂ ਦੇ ਪਿੰਡ ਬੋਦਲ ਗਿਆ ਸੀ ਤਾਂ ਪਤਾ ਲੱਗਾ ਸੀ ਕਿ ਭਾਈ ਗੁਲਬਾਗ਼ ਸਿੰਘ ਜੀ ਨੂੰ ਗਲ਼ੇ ਦਾ ਕੈਂਸਰ ਹੋ ਗਿਆ ਸੀ ਜਿਸ ਦਾ ਇਲਾਜ ਕਰਵਾਉਣ ਲਈ ਉਹ ਆਪਣੇ ਬੇਟੇ ਹਰਪਾਲ ਸਿੰਘ ਕੋਲ਼ ਅਮਰੀਕਾ ਜਾ ਵੱਸੇ ਹਨ ਜਿੱਥੇ ਉਨ੍ਹਾਂ ਦਾ ਇਲਾਜ ਬਿਹਤਰ ਹੋ ਸਕਿਆ। ਇਹ ਮੇਰੀ ਖ਼ੁਸ਼ਕਿਸਮਤੀ ਹੈ ਕਿ ਮੈਂ ਪਿਛਲੇ ਤਿੰਨ ਦਹਾਕਿਆਂ ਤੋਂ ਭਾਈ ਦਿਲਬਾਗ਼ ਸਿੰਘ ਗੁਲਬਾਗ਼ ਸਿੰਘ ਹੋਰਾਂ ਦੇ ਪਰਿਵਾਰ ਨਾਲ ਜੁੜਿਆ ਹੋਇਆ ਹਾਂ। ਇਨ੍ਹਾਂ ਬਾਰੇ ਮੈਨੂੰ ਪਹਿਲੀ ਜਾਣਕਾਰੀ ਮੈਗ਼ਜੀਨ 'ਆਰਸੀ' ਵਿਚ ਛਪੇ ਕੇ.ਸੀ. ਮੋਹਨ ਜੀ ਦੇ ਲੇਖ ਤੋਂ ਮਿਲੀ ਸੀ। ਥੋੜ੍ਹੇ ਸਮੇਂ ਬਾਅਦ ਹੀ ਉਨ੍ਹਾਂ ਦਾ ਦਰਬਾਰ ਸਾਹਿਬ, ਮੁਕਤਸਰ ਵਿਖੇ ਆਉਣ ਦਾ ਸਬਬ ਬਣ ਗਿਆ। ਮੁਲਾਕਾਤ ਹੋਈ ਅਤੇ ਇਹ ਮੁਲਾਕਾਤ ਲੰਮੀ ਦੋਸਤੀ ਵਿਚ ਵਟ ਗਈ। ਇਸ ਪਰਿਵਾਰ ਦੇ ਹਰ ਖ਼ੁਸ਼ੀ-ਗ਼ਮੀ ਦੇ ਮੌਕੇ ਤੇ ਜਾਂਦਾ। ਦਿਲਬਾਗ਼ ਸਿੰਘ ਜੀ ਦੇ ਬੇਟੇ ਭਾਈ ਅਵਤਾਰ ਸਿੰਘ ਦੇ ਵਿਆਹ 'ਤੇ ਵੀ ਗਿਆ ਸੀ। ਹੁਣ ਜਦ ਫ਼ਰਵਰੀ ਵਿਚ ਗਿਆ ਤਾਂ ਪਤਾ ਲੱਗਾ ਕਿ ਅਵਤਾਰ ਦੇ ਦੋਹੇਂ ਬੇਟੇ ਵੀ ਵਧੀਆ ਗਾਉਣ ਲੱਗ ਪਏ ਹਨ।

ਗਾਇਕੀ ਇਸ ਪਰਿਵਾਰ ਦੇ ਖ਼ੂਨ ਵਿਚ ਹੈ। ਗਾਇਕੀ ਦੇ ਨਾਲ ਨਾਲ ਇਸ ਪਰਿਵਾਰ ਦੀ ਵਿਸ਼ੇਸ਼ਤਾ ਹੈ ਸਾਰਿਆਂ ਦਾ ਦਰਵੇਸ਼ ਸੁਭਾਅ। ਇਨ੍ਹਾਂ ਲਈ ਗਾਉਣਾ ਰੋਜ਼ੀ-ਰੋਟੀ ਨਹੀਂ ਸਗੋਂ ਇਬਾਦਤ ਹੈ। ਇਨ੍ਹਾਂ ਦੇ ਜੀਵਨ ਦਾ ਇੱਕ ਪਲ ਵੀ ਸੰਗੀਤ-ਵਿਹੂਣਾ ਨਹੀਂ ਹੈ।

ਇਸ ਪਰਿਵਾਰ ਬਾਰੇ ਇਕ ਹੋਰ ਰੋਚਕ ਗੱਲ ਇਹ ਹੈ ਇਨ੍ਹਾਂ ਸਾਰਿਆਂ ਨੂੰ ਸੰਗੀਤ ਤੋਂ ਇਲਾਵਾ ਦੂਜਾ ਸ਼ੌਂਕ ਹੈ-ਫ਼ੁੱਟਬਾਲ ਖੇਡ੍ਹਣ ਦਾ। ਪਰਿਵਾਰ ਦੇ ਸਾਰੇ ਮੇਲ ਜੀਅ ਆਪ ਫੁੱਟਬਾਲ ਦੇ ਸਿਰੇ ਦੇ ਖਿਡਾਰੀ ਹਨ/ਸਨ।

ਦਹਾਕਿਆਂ ਪਹਿਲੇ ਜਦ ਨਾੱਰਥ ਜ਼ੋਨ ਕਲਚਰ ਸੈਂਟਰ ਦੇ ਸੱਦੇ ਤੇ ਪਟਿਆਲਾ ਘਰਾਣੇ ਦੇ ਉਸਤਾਦ ਫ਼ਨਕਾਰ ਫ਼ਤੇਹ ਅਲੀ ਖ਼ਾਨ ਸਾਹਿਬ (ਨੁਸਰਤ ਫ਼ਤੇਹ ਅਲੀ ਖ਼ਾਨ ਸਾਹਿਬ ਨਹੀਂ) ਭਾਰਤ ਆਏ ਤਾਂ ਉਹ ਨਾ ਸਿਰਫ਼ ਭਾਈ ਸਾਹਿਬ ਹੋਰਾਂ ਨੂੰ ਪਿੰਡ ਬੋਦਲ ਗਰਨਾ ਸਾਹਿਬ (ਦਸੂਹਾ ਦੇ ਨਜ਼ਦੀਕ) ਵਿਖੇ ਵਿਸ਼ੇਸ਼ ਤੌਰ 'ਤੇ ਮਿਲਣ ਗਏ ਸਗੋਂ ਉੱਥੇ ਉਨ੍ਹਾਂ ਦੇ ਘਰ ਦੇ ਵਿਹੜੇ ਵਿਚ ਪੂਰਾ ਕਲਾਸੀਕਲ ਗਾਇਨ ਪ੍ਰੋਗ੍ਰਾਮ ਵੀ ਦੇ ਕੇ ਆਏ।

ਮੈਂ 13 ਨਵੰਬਰ 1994 ਦੇ ਦਿਨ ਕੋਟ ਕਪੂਰੇ ਵਿਖੇ ਭਾਈ ਦਿਲਬਾਗ਼ ਸਿੰਘ ਗੁਲਬਾਗ਼ ਸਿੰਘ ਜੀ ਦਾ ਕਲਾਸੀਕਲ ਗਾਇਨ ਦਾ ਪ੍ਰੋਗ੍ਰਾਮ ਆਯੋਜਿਤ ਕੀਤਾ ਸੀ ਜਿੱਥੇ ਇਨ੍ਹਾਂ ਨੇ ਰਾਗ ਦਰਬਾਰੀ, ਰਾਗ ਰਾਗੇਸ਼ਵਰੀ, ਅਤੇ ਦੋ ਭਜਨਾਂ ਦਾ ਗਾਇਨ ਕੀਤਾ ਸੀ। ਇਨ੍ਹਾਂ ਦੇ ਛੋਟੇ ਭਰਾ ਭਾਈ ਦੇਵਿੰਦਰ ਸਿੰਘ ਜੀ ਨੇ ਰਾਗ ਪੂਰੀਆ ਧਨਾਸਰੀ ਗਾਇਆ ਅਤੇ ਦਿਲਬਾਗ ਸਿੰਘ ਜੀ ਦੇ ਦਾਮਾਦ ਬਲਦੇਵ ਸਿੰਘ ਨੇ ਤਬਲੇ ਦੀ ਸੋਲੋ ਆਈਟਮ ਪੇਸ਼ ਕੀਤੀ ਸੀ। ਪ੍ਰੋਫ਼ੈਸਰ ਗੁਰਦਿਆਲ ਸਿੰਘ ਜੀ ਇਸ ਸਮਾਗਮ ਵਿਚ ਮੁੱਖ ਮਹਿਮਾਨ ਸਨ।

ਇਸ ਦੇ ਬਾਅਦ ਵੀ ਜਦ ਕਦੇ ਉਨ੍ਹਾਂ ਦਾ ਕੋਟਕਪੂਰਾ/ਮੁਕਤਸਰ/ਗੰਗਾਨਗਰ ਆਦਿ ਵੱਲ ਆਉਣ ਦਾ ਸਬਬ ਮਿਲਦਾ, ਮਿਲ ਕੇ ਜਾਂਦੇ।

ਨਮਨ ਹੈ ਇਸ ਦੇਵਤਾ ਪਰਿਵਾਰ ਨੂੰ।

ਭਾਈ ਸਾਹਿਬ ਦੇ ਗਾਇਨ ਦਾ ਇਕ ਨਮੂਨਾ ਇਸ ਲਿੰਕ ਤੇ ਸੁਣਿਆ ਜਾ ਸਕਦਾ ਹੈ:
https://www.youtube.com/watch?v=917wU7LLvo8

# ਰਾਗ ਵਡਹੰਸ ਸਾਰੰਗ

## ਸੁਰਲਿਪੀ ਸਰਦਾਰ ਗੁਰਬਖ਼ਸ਼ ਸਿੰਘ ਜੀ

Website:
http://www.gurbaniraags.com

ਵਡਹੰਸ ਸਾਰੰਗ ਅਤੇ ਵਡਹੰਸ ਦੋ ਵੱਖਰੇ ਵੱਖਰੇ ਰਾਗ ਹਨ। ਦੋਨੋ ਹੀ ਅਪ੍ਰਚਲਤ ਹਨ ਪਰ ਵਡਹੰਸ ਤਾਂ ਜਿਵੇਂ ਲੋਪ ਹੀ ਹੋ ਗਿਆ ਲੱਗਦਾ ਹੈ। ਵਡਹੰਸ ਖਮਾਜ ਠਾਠ ਦਾ ਰਾਗ ਹੈ ਜਿਸ ਵਿੱਚ ਧੈਵਤ ਅਤੇ ਗੰਧਾਰ ਖੁੱਲ੍ਹਕੇ ਲੱਗਦੇ ਹਨ ਪਰ ਵਡਹੰਸ ਸਾਰੰਗ ਕਾਫੀ ਠਾਠ ਦਾ ਰਾਗ ਜੋ ਬਿੰਦਰਾਬਨੀ ਸਾਰੰਗ ਦੇ ਬਹੁਤ ਨਜ਼ਦੀਕ ਹੈ। ਇਸ ਵਿੱਚ ਦੋਵੇਂ ਨਿਖਾਦ ਅਤੇ ਬਾਕੀ ਸੁਰ ਸ਼ੁੱਧ ਹਨ। ਜੇ ਇਸ ਨੂੰ ਗੰਧਾਰ-ਧੈਵਤ ਰਹਿਤ ਓਢਵ ਕਹਿਆ ਜਾਵੇ ਤਾਂ ਗਲਤ ਨਹੀਂ ਹੋਵੇਗਾ ਕਿਉਂਕਿ ਗੰਧਾਰ ਅਤੇ ਧੈਵਤ ਬਹੁਤ ਅਲਪ ਹਨ ਜਾਂ ਇਹ ਕਿਹਾ ਜਾਵੇ ਕਿ ਇਹ ਦੋ ਸੁਰ ਸਪਰਸ਼ ਦੇ ਤੌਰ ਤੇ ਹੀ ਲੱਗਦੇ ਹਨ। ਇਸ ਦੁਪਹਿਰ ਦੇ ਰਾਗ ਵਿੱਚ ਰਿਖਬ ਵਾਦੀ ਅਤੇ ਪੰਚਮ ਸੰਵਾਦੀ ਹੈ। ਮੱਧਯਮ ਸੁਰ ਇਸ ਰਾਗ ਵਿੱਚ ਚਮਕਦਾ ਹੈ ਅਤੇ ਨਿਆਸ ਸੁਰ ਵੀ ਹੈ।

**ਆਰੋਹ**: ਨ਼ ਸ ਰ, ਮ ਰ ਮ, ਪ ਨ ਸੰ।

**ਅਵਰੋਹ**: ਸੰ [ਧ]ਨੁ ਪ, ਮ ਪ [ਗ]ਮ, ਰ ਨ਼, ਸ

**ਮੁੱਖ ਅੰਗ**: ਨ਼ ਸ ਰ ਮ, ਪ ਨੁ ਪ ਮ ਰ ਮ।

**ਚਾਲ**: ਨ਼ਸ, ਨ਼ਸਰ-ਰ-ਨ਼-ਸ, ਸ[ਧ]ਨ਼ੁ-ਪ਼-ਨ਼-ਸ, ਨ਼ਸਰਮ-ਮ[ਮ]ਰ-ਸ, ਨ਼ਸ
ਰਮਪਮਰ[ਗ]ਮ-ਰਸ, ਨ਼ਸਰਮਪਮਰ-ਨ਼-ਸ, ਸਨ਼ੁਧ਼ਪ਼ਨ਼-ਸ, ਨ਼ਸਰਮ
ਪਨੁਪ-ਮਪ[ਮ]ਰਮ, ਮਪ[ਧ]ਨੁਪ, ਮਪਨ-ਸੰ, ਪਨਸੰਰੰ-ਰੰਮੰਰੰ-ਨ-ਸੰ,
ਸੰ[ਧ]ਨੁ-ਪ-ਮਪਰਮ-ਰ-ਨ਼-ਸ-ਰਮ।

## ਅਸਥਾਈ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | ਨ਼ | ਸ | ਰ | ਮ | ਰ | ਸ | ਨ਼ | ਸ | [ਮ]ਰ | ਰ |
| | | | | | | ਐ | ਸੇ | ਗੁ | ਰ | ਕ | ਉ | ਬ | ਲ | ਬ | ਲ |
| [ਗ]ਮ | – | – | [ਗ]ਮ | ਰ | – | ਸ | – | ਨ਼ | – | ਸ | ਸ | ਰ | ਮ | ਪਧ | ਪ |
| ਜਾ | ऽ | ऽ | ਈ | ਐ | ऽ | ऽ | ऽ | ਆ | ऽ | ਪ | ਮੁ | ਕ | ਤ | ਮੋऽ | ਹਿ |
| ਰ | – | – | ਨ਼ | ਸ | – | – | – | ਨ਼ | – | ਨ਼ | – | ਸ | ਸ | ਨ਼ | ਸ |
| ਤਾ | ऽ | ऽ | ऽ | ਰੈ | ऽ | ऽ | ऽ | ਨਾ | ऽ | ਰਾ | ऽ | ਇ | ਨ | ਨ | ਰ |
| ਰ | ਮ | ਪਪ | ਮ | ਰ | – | ਨ਼ | ਸ, | ਰ | ਮ | ਰ | ਸ | | | | |
| ਪ | ਤ | ਨਮ | ਸ | ਕਾ | ऽ | ਰੈ | ऽ, | ਗੁ | ਰ | ਕ | ਉ | | | | |
| x | | | | ੨ | | | | ੦ | | | | ੩ | | | |

## ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | ਮ | ਮ | ਪ | ਪ | ਨੁ | ਧਪ | ਮ | ਪਨ |
| | | | | | | | | ਕ | ਵ | ਨ | ऽ | ਕ | ਵऽ | ਨ | ਕऽ |
| ਸਂ | ਸਂ | ਸਂ | ਸਂ | ਨ | ਰਂ | ਸਂ | – | ਰਂ | – | ਰਂ | ਮਂ | ਰਂ | – | ਸਂ | ਸਂ |
| ਵ | ਨ | ਗੁ | ਨ | ਕ | ਹੀ | ਐ | ऽ | ਐਂ | ऽ | ਤ | ਨ | ਹੀ | ऽ | ਕ | ਛੂ |
| ਨ | ਸਂ | ਰਂ | ਸਂ | ਨੁ | – | ਪ | – | [ਪ]ਰ | – | ਮ | ਮ | ਪ | ਪ | ਪਨ | ਮਪ |
| ਪਾ | ऽ | ऽ | ऽ | ਰੈ | ऽ | ऽ | ऽ | ਆ | ऽ | ਪ | ਮੁ | ਕ | ਤ | ਮੋऽ | ਹਿऽ |
| [ਮ]ਰ | – | – | [ਸ]ਨ਼ | ਸ | – | – | –, | ਨ਼ | – | ਨ਼ | – | ਸ | ਸ | ਨ਼ | ਸ |
| ਤਾ | ऽ | ऽ | ऽ | ਰੈ | ऽ | ऽ | ऽ, | ਨਾ | ऽ | ਰਾ | ऽ | ਇ | ਨ | ਨ | ਰ |
| x | | | | ੨ | | | | ੦ | | | | ੩ | | | |

# ਸੁਰਲਿਪੀ ਵਾਲਾ ਸ਼ਬਦ ਅਤੇ ਉਸਦੇ ਅੰਗ੍ਰੇਜ਼ੀ ਵਿਚ ਅਰਥ

ਕਾਨੜਾ ਮਹਲਾ ੫ ਘਰੁ ੪
ੴ ਸਤਿਗੁਰ ਪ੍ਰਸਾਦਿ ॥

ਨਾਰਾਇਨ ਨਰਪਤਿ ਨਮਸਕਾਰੈ ॥
ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ ਮੁਕਤੁ ਮੋਹਿ ਤਾਰੈ ॥੧॥ ਰਹਾਉ ॥
ਕਵਨ ਕਵਨ ਕਵਨ ਗੁਨ ਕਹੀਐ ਅੰਤੁ ਨਹੀ ਕਛੁ ਪਾਰੈ ॥
ਲਾਖ ਲਾਖ ਲਾਖ ਕਈ ਕੋਰੈ ਕੋ ਹੈ ਐਸੋ ਬੀਚਾਰੈ ॥੧॥
ਬਿਸਮ ਬਿਸਮ ਬਿਸਮ ਹੀ ਭਈ ਹੈ ਲਾਲ ਗੁਲਾਲ ਰੰਗਾਰੈ ॥
ਕਹੁ ਨਾਨਕ ਸੰਤਨ ਰਸੁ ਆਈ ਹੈ ਜਿਉ ਚਾਖਿ ਗੂੰਗਾ ਮੁਸਕਾਰੈ ॥੨॥੧॥੨੦॥

## ENGLISH TRANSLATION

Kaanraa, Fifth Mehl, Fourth House:
One Universal Creator God. By The Grace Of The True Guru:

The one who bows in humble reverence to the Primal Lord, the Lord of all beings - I am a sacrifice, a sacrifice to such a Guru; He Himself is liberated, and He carries me across as well. ||1||Pause|| Which, which, which of Your Glorious Virtues should I chant? There is no end or limitation to them. There are thousands, tens of thousands, hundreds of thousands, many millions of them, but those who contemplate them are very rare. ||1|| I am wonder-struck, wonder-struck, wonder-struck and amazed, dyed in the deep crimson color of my Beloved. Says Nanak, the Saints savor this sublime essence, like the mute, who tastes the sweet candy, but only smiles. ||2||1||20||

*(SGGS Page: 1301)*

# ਡਾ: ਗੁਰਨਾਮ ਸਿੰਘ ਨੂੰ ਭਾਈ ਮਰਦਾਨਾ ਜੀ ਯਾਦਗਾਰੀ ਅਵਾਰਡ

ਅਮਰੀਕ ਸਿੰਘ ਮੱਲੀ, ਕਪੂਰਥਲਾ



ਕਲਾ ਅਤੇ ਸੰਗੀਤ ਦੇ ਖੇਤਰ ਵਿਚ ਇਹ ਖ਼ਬਰ ਖੁਸ਼ੀ ਭਰੀ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਵੱਖ-ਵੱਖ ਖੇਤਰਾਂ ਵਿਚ ਨਾਮਣਾ ਖੱਟਣ ਵਾਲੀਆਂ ਸਿੱਖ ਜਗਤ ਦੀਆਂ 11 ਨਾਮਵਰ ਸਖਸ਼ੀਅਤਾਂ ਨੂੰ ਵੱਖ-ਵੱਖ ਵਿਸ਼ੇਸ਼ ਸਨਮਾਨ ਅਤੇ ਐਵਾਰਡ ਭੇਟ ਕਰਕੇ ਸਨਮਾਨਿਤ ਕਰਨ ਦਾ ਐਲਾਨ ਕੀਤਾ ਗਿਆ ਹੈ। ਇਨ੍ਹਾਂ ਨਾਮਵਰ ਸਖਸ਼ੀਅਤਾਂ ਵਿਚ ਗੁਰਮਤਿ ਸੰਗੀਤ ਦੀ ਮਾਇਆਨਾਜ਼ ਹਸਤੀ ਡਾ: ਗੁਰਨਾਮ ਸਿੰਘ ਨੂੰ ਗੁਰਮਤਿ ਸੰਗੀਤ ਵਿਚ ਪਾਏ ਯੋਗਦਾਨ ਲਈ 'ਭਾਈ ਮਰਦਾਨਾ ਜੀ ਯਾਦਗਾਰੀ ਐਵਾਰਡ' ਨਾਲ ਸਨਮਾਨਿਤ ਕਰਨ ਦੇ ਐਲਾਨ ਮਗਰੋਂ ਅੱਖਰ ਮੰਚ ਕਪੂਰਥਲਾ ਦੇ ਸਰਪ੍ਰਸਤ ਅਤੇ ਸਮੂਹ ਮੈਂਬਰਾਂ ਵਿਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਸਰਪ੍ਰਸਤ ਪ੍ਰੋ: ਕੁਲਵੰਤ ਸਿੰਘ ਔਜਲਾ, ਪ੍ਰਧਾਨ ਸਰਵਣ ਸਿੰਘ ਔਜਲਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਉਨ੍ਹਾਂ ਦੱਸਿਆ ਕਿ ਡਾ: ਗੁਰਨਾਮ ਸਿੰਘ ਅੱਖਰ ਮੰਚ ਦੇ ਪ੍ਰਮੁੱਖ ਸਲਾਹਕਾਰ ਵੀ ਹਨ। ਉਨ੍ਹਾਂ ਨੇ ਸੱਚਖੰਡ ਸ੍ਰੀ ਹਰਿਮੰਦਿ ਸਾਹਿਬ ਵਿਖੇ ਤੰਤੀ ਸਾਜ਼ਾਂ ਦੁਆਰਾ ਕੀਰਤਨ ਦੀ ਪ੍ਰਥਾ ਪੁਨਰ ਸੁਰਜੀਤ ਕਰਨ ਵਿਚ ਅਗਵਾਈ ਕੀਤੀ। ਗੁਰਮਤਿ ਸੰਗੀਤ ਨਾਲ ਸਬੰਧਿਤ ਅਨੇਕਾਂ ਪੁਸਤਕਾਂ ਦੇ ਲੇਖਕ ਡਾ: ਗੁਰਨਾਮ ਸਿੰਘ ਨੂੰ ਪੰਜਾਬ ਸਰਕਾਰ ਵੱਲੋਂ ਸ਼੍ਰੋਮਣੀ ਰਾਗੀ ਪੁਰਸਕਾਰ ਅਤੇ ਭਾਰਤ ਸਰਕਾਰ ਵੱਲੋਂ ਸੰਗੀਤ ਨਾਟਕ ਅਕਾਦਮੀ ਦਾ ਰਾਸ਼ਟਰੀ ਐਵਾਰਡ ਤੋਂ ਇਲਾਵਾ ਦੇਸ਼ਾਂ-ਵਿਦੇਸ਼ਾਂ ਵਿਚੋਂ ਅਨੇਕ ਪੁਰਸਕਾਰ ਪ੍ਰਾਪਤ ਕੀਤੇ ਹਨ। ਪ੍ਰੋ: ਸਰਦੂਲ ਸਿੰਘ ਔਜਲਾ ਨੇ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਗੁਰਮਤਿ ਸੰਗੀਤ ਵਿਭਾਗ ਦੇ ਬਾਨੀ ਤੇ ਮੁਖੀ ਡਾ: ਗੁਰਨਾਮ ਸਿੰਘ ਨੂੰ ਹੁਣ ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਸੰਗੀਤ ਅਤੇ ਕਲਾ ਦੀ ਫੈਕਲਟੀ ਦਾ ਡੀਨ ਨਿਯੁਕਤ ਕੀਤਾ ਹੈ ਜੋ ਕਿ ਪੂਰੇ ਸਿੱਖ ਜਗਤ ਲਈ ਬਹੁਤ ਮਾਣ ਵਾਲੀ ਗੱਲ ਹੈ। ਮੀਡੀਆ ਇੰਚਾਰਜ ਸੁਖਵਿੰਦਰ ਮੋਹਨ ਸਿੰਘ ਭਾਟੀਆ ਅਤੇ ਪ੍ਰਧਾਨ ਸਰਵਣ ਸਿੰਘ ਔਜਲਾ ਅਨੁਸਾਰ ਅੱਖਰ ਮੰਚ ਵੱਲੋਂ ਇਸ ਮਾਣਮੱਤੀ ਸਖਸ਼ੀਅਤ ਨੂੰ ਆਉਣ ਵਾਲੇ ਸਮੇਂ ਵਿਚ ਸਨਮਾਨਿਤ ਕੀਤਾ ਜਾਵੇਗਾ। ਅਜੋਕੇ ਸਮੇਂ ਦੌਰਾਨ ਵਿਦੇਸ਼ਾਂ ਵਿਚ ਗੁਰਮਤਿ ਸੰਗੀਤ ਦੀ ਛਹਿਬਰ ਲਗਾ ਰਹੇ ਡਾ: ਗੁਰਨਾਮ ਸਿੰਘ ਨੂੰ ਅੱਖਰ ਮੰਚ ਵੱਲੋਂ ਮੀਟਿੰਗ ਦੌਰਾਨ ਮੁਬਾਰਕਾਂ ਭੇਜੀਆਂ ਗਈਆਂ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਦਾ ਧੰਨਵਾਦ ਕੀਤਾ ਗਿਆ। ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਨੈਸ਼ਨਲ ਐਵਾਰਡੀ ਮੰਗਲ ਸਿੰਘ ਭੰਡਾਲ, ਐਡਵੋਕੇਟ ਖਲਾਰ ਸਿੰਘ ਧੰਮ, ਗੁਰਭਜਨ ਸਿੰਘ ਲਾਸਾਨੀ, ਜਸਵਿੰਦਰ ਸਿੰਘ ਕੋਟ ਕਰਾਰ ਖਾਂ, ਸੁਖਵਿੰਦਰ ਮੋਹਨ ਸਿੰਘ, ਹਰਮਿੰਦਰ ਸਿੰਘ ਬਾਜਵਾ, ਜਸਵਿੰਦਰ ਸਿੰਘ ਚਾਹਲ, ਸੁਰਜੀਤ ਸਿੰਘ ਠੀਕਰੀਵਾਲ, ਆਰਟਿਸਟ ਜਸਬੀਰ ਸਿੰਘ ਸੰਧੂ, ਬਲਜੀਵ ਸਿੰਘ ਬਾਜਵਾ, ਬੀਬੀ ਗੁਰਵਿੰਦਰ ਕੌਰ ਅਤੇ ਮੁੱਖ ਅਧਿਆਪਕਾ ਮੈਡਮ ਨਵਦੀਪ ਕੌਰ ਔਜਲਾ ਹਾਜ਼ਰ ਸਨ।

RNI Regd. No.46788/89 ISSN 0972-2335

